FLUIDRA

# ਨੈਤਕਿਤਾ ਕੋਡ



ਕੋਡ ਨੂੰ FLUIDRA ਬੋਰਡ ਆਫ ਡਾਇਰੈਕਟਰਜ਼ ਤੋਂ ਮਨਜ਼ੂਰੀ
ਮਿਲੀ ਹੈ: 16 ਦਸੰਬਰ 2008।

ਅਖੀਰਲੀ ਵਾਰ ਸਮੀਖਿਆ: ਸਤੰਬਰ 2019

FLUIDRA

# ਵਿਸ਼ਾ-ਵਸਤੂ


1. ਕਾਰਜਕਾਰੀ ਚੇਅਰਮੈਨ ਵੱਲੋਂ ਸੰਦੇਸ਼ 3

2. ਉਦੇਸ਼ ਅਤੇ ਕਾਰਜ-ਖੇਤਰ 4

3. ਸਾਡਾ ਮਿਸ਼ਨ ਅਤੇ ਕਦਰਾਂ ਕੀਮਤਾਂ 5

4. ਸਾਡੀਆਂ ਵਚਨਬੱਧਤਾਵਾਂ 6

4.1. ਸਮਾਜ ਅਤੇ ਮਨੁੱਖੀ ਅਧਿਕਾਰ 6

4.2. Fluidra ਮੈਂਬਰ 7

4.3. ਸਾਡੇ ਹਿੱਸੇਦਾਰ 13

4.4. ਵਾਤਾਵਰਣ 14

4.5. ਕਾਨੂੰਨੀ ਅਨੁਪਾਲਣ ਲਈ 15

5. ਨੈਤਿਕਤਾ ਕਮੇਟੀ ਅਤੇ "ਗੁਪਤ ਚੈਨਲ" 15

6. ਜੁਰਮਾਨੇ, ਮਨਜ਼ੂਰੀ ਪ੍ਰਕਿਰਿਆਵਾਂ ਅਤੇ ਜ਼ਿੰਮੇਵਾਰੀਆਂ 17

7. ਅਪਡੇਟ ਅਤੇ ਸੁਧਾਰ 17

FLUIDRA

## 1. ਕਾਰਜਕਾਰੀ ਚੇਅਰਮੈਨ ਵੱਲੋਂ ਸੰਦੇਸ਼

ਜਦੋਂ ਤੋਂ Fluidra ਦਾ ਪਹਿਲਾ ਕਾਰੋਬਾਰ 1969 ਵਿੱਚ ਸਥਾਪਿਤ ਕੀਤਾ ਗਿਆ ਸੀ, ਸਾਡੇ ਲੋਕ ਹਮੇਸ਼ਾਂ ਇੱਕ ਬਹੁਤ ਹੀ ਸਪੱਸ਼ਟ ਅਧਾਰ ਅਤੇ ਨਿਰਧਾਰਿਤ ਕਦਰਾਂ-ਕੀਮਤਾਂ ਦੇ ਨਾਲ ਆਪਣੇ ਕਾਰੋਬਾਰ ਚਲਾਉਂਦੇ ਰਹੇ ਹਨ :ਆਪਣੇ ਸੈਕਟਰ ਵਿੱਚ ਵਿਸ਼ਵ ਲੀਡਰ ਬਣਨ ਲਈ ,ਸਾਨੂੰ ਲੋਕਾਂ ਅਤੇ ਕਾਨੂੰਨਾਂ ਦਾ ਆਦਰ ਕਰਨਾ ਚਾਹੀਦਾ ਹੈ ,ਆਪਣੇ ਸੌਦਿਆਂ ਵਿੱਚ ਖਰੇ ਉਤਰਨਾ ਚਾਹੀਦਾ ਹੈ ਅਤੇ ਸਾਡੇ ਗ੍ਰਾਹਕਾਂ ਅਤੇ ਸਪਲਾਇਰ ,ਦੋਵਾਂ ਦੇ ਭਰੋਸੇ ਦੇ ਯੋਗ ਹੋਣਾ ਚਾਹੀਦਾ ਹੈ। ਇਹ ਮੁੱਢ ਤੋਂ ਹੀ ਸਾਡੀਆਂ ਕਦਰਾਂ-ਕੀਮਤਾਂ ਹਨ ਅਤੇ Zodiac ਦੇ ਨਾਲ ਵਿਲਯ ਹੋਣ ਤੋਂ ਬਾਅਦ ਇਹ Fluidra ਦੀਆਂ ਕਦਰਾਂ ਕੀਮਤਾਂ ਦਾ ਅਧਾਰ ਬਣਾਉਂਦੀਆਂ ਰਹੀਆਂ ਹਨ ਜਿਵੇਂ ਕਿ ਇਹ ਅੱਜ ਵੀ ਜਾਰੀ ਹਨ ,ਜਿਸ ਨੇ ਸਾਨੂੰ ਪੂਲ ਅਤੇ ਤੰਦਰੁਸਤੀ ਵਿੱਚ ਵਿਸ਼ਵ ਨੇਤਾ ਬਣਾਇਆ ਹੈ।

ਉਨ੍ਹਾਂ ਥਾਵਾਂ ਦੀ ਵਿਭਿੰਨਤਾ ,ਜਿਥੇ ਅਸੀਂ ਕੰਮਕਾਰ ਕਰਦੇ ਹਾਂ ,ਅਨੇਕਾਂ ਕਾਨੂੰਨ ਅਤੇ ਨਿਯਮ ਜਿਨ੍ਹਾਂ ਦੇ ਅਸੀਂ ਅਧੀਨ ਹਾਂ , ਇਹ ਪਹਿਲਾਂ ਨਾਲੋਂ ਵਧੇਰੇ ਜ਼ਰੂਰੀ ਬਣਾ ਦਿੰਦੇ ਹਨ ਕਿ ਇਹ ਕਦਰਾਂ-ਕੀਮਤਾਂ ਸਾਡੇ ਸਾਰੇ ਸਟਾਫ ਦੁਆਰਾ ਪਾਲਣ ਕੀਤੇ ਜਾਣ ਵਾਲੇ ਮਾਪਦੰਡ ਵਜੋਂ ਕੰਮ ਕਰ, ਜਦੋਂ ਉਹ ਆਪਣੇ ਰੋਜ਼ਾਨਾ ਦੇ ਕਾਰੋਬਾਰ ਨੂੰ ਕਰਦੇ ਹਨ।

Fluidra ਹੇਠਾਂ ਦਿੱਤੇ" ਸਿਧਾਂਤਾਂ "ਪ੍ਰਤੀ ਪੂਰੀ ਤਰ੍ਹਾਂ ਵਚਨਬੱਧ ਹੈ: ਇਮਾਨਦਾਰੀ ਅਤੇ ਵਿਸ਼ਵਾਸ ,ਕਾਨੂੰਨ ਅਤੇ ਮਨੁੱਖੀ ਅਧਿਕਾਰਾਂ ਦਾ ਸਤਿਕਾਰ ,ਵਿਅਕਤੀਆਂ ਦੀ ਇਮਾਨਦਾਰੀ ਅਤੇ ਸਰੋਤਾਂ ਦੀ ਸਥਾਈ ਵਰਤੋਂ।

ਇਹ ਦਸਤਾਵੇਜ਼ ਸੰਯੁਕਤ ਰਾਸ਼ਟਰ ਦੇ ਗਲੋਬਲ ਕੰਪੈਕਟ (ਵਿਸ਼ਵਵਿਆਪੀ ਸਮਝੌਤੇ) ਵਿੱਚ ਨਿਰਧਾਰਤ 10 ਸਿਧਾਂਤਾਂ ਉੱਤੇ ਅਧਾਰਤ ਹੈ। ਨੈਤਿਕਤਾ ਕੋਡ Fluidra ਦੇ ਸਾਰੇ ਨਿਯਾਮਕ ਦਿਸ਼ਾ-ਨਿਰਦੇਸ਼ਾਂ ਵਿਚੋਂ ਉੱਚ-ਪੱਧਰ ਦਾ ,ਮਾਨਕ-ਨਿਰਧਾਰਣ ਦਸਤਾਵੇਜ਼ ਹੈ। ਨੈਤਿਕਤਾ ਕੋਡ ਵਿੱਚ ਨਿਰਧਾਰਤ ਸਿਧਾਂਤ Fluidra ਦੀਆਂ ਨੀਤੀਆਂ ,ਨਿਯਮਾਂ ਅਤੇ ਪ੍ਰਕਿਰਿਆਵਾਂ ਵਿੱਚ ਵਿਕਸਿਤ ਕੀਤੇ ਗਏ ਹਨ ,ਇਹ ਸਭ ਕਨੂੰਨ ਅਤੇ ਸਿਧਾਂਤਾਂ ਦੀ ਪਾਲਣਾ ਪ੍ਰਤੀ ਆਪਣੀ ਵਚਨਬੱਧਤਾ ਨੂੰ ਦਰਸਾਉਂਦੇ ਹਨ ਜਿਸ ਦਾ ਇਹ ਪਾਲਣ ਕਰਦੀ ਹੈ।

Fluidra ਨਾਲ ਸੰਬੰਧ ਰੱਖਣ ਦਾ ਮਤਲਬ ਹੈ ਕਿ ਹਰ ਸਮੇਂ ਇਸ ਦੇ ਸਿਧਾਂਤਾਂ ਦਾ ਸਤਿਕਾਰ ਕਰਨ ਅਤੇ ਉਸ ਨੂੰ ਕਾਇਮ ਰੱਖਣ ਪ੍ਰਤੀ ਵਚਨਬੱਧ ਰਹਿਣਾ। ਜੇ ਤੁਹਾਡੇ ਕੋਈ ਪ੍ਰਸ਼ਨ ,ਪੁੱਛਗਿੱਛਾਂ ਜਾਂ ਸ਼ਿਕਾਇਤਾਂ ਹਨ ,ਤਾਂ ਤੁਸੀਂ ਇਨ੍ਹਾਂ ਨੂੰ ਸਾਡੇ ਗੁਪਤ ਚੈਨਲ ਰਾਹੀਂ ਸੰਬੋਧਿਤ ਕਰ ਸਕਦੇ ਹੋ। ਸਾਰੇ ਖੁਲਾਸੇ ਪੂਰੇ ਵਿਸ਼ਵਾਸ ਨਾਲ ਨਿਪਟਾਏ ਜਾਂਦੇ ਹਨ ਅਤੇ ਸ਼ਾਮਲ ਹੋਏ ਵਿਅਕਤੀਆਂ ਨਾਲ ਬਹੁਤ ਸਤਿਕਾਰ ਨਾਲ ਵਿਹਾਰ ਕੀਤਾ ਜਾਂਦਾ ਹੈ।

Fluidra ਨੈਤਿਕਤਾ ਕੋਡ ਨੂੰ ਆਪਣੇ ਸਪਲਾਇਰਾਂ ,ਗਾਹਕਾਂ ,ਵਿਤਰਕਾਂ ਅਤੇ ਫ੍ਰੀਲਾਂਸਰਾਂ ਉੱਤੇ ਲਾਗੂ ਕਰਨ ਦੀ ਗੁੰਜਾਇਸ਼ ਨੂੰ ਵਧਾਉਂਦੀ ਹੈ।

ਮੈਂ ,ਆਪਣੇ ਅਤੇ ਬੋਰਡ ਆਫ਼ ਡਾਇਰੈਕਟਰਜ਼ ਵੱਲੋਂ ,ਸਾਡੇ ਸਿਧਾਂਤਾਂ ਨੂੰ ਉਤਸ਼ਾਹਤ ਕਰਨ ਵਿੱਚ ਤੁਹਾਡੀ ਵਚਨਬੱਧਤਾ ਅਤੇ ਤੁਹਾਡੇ ਯਤਨਾਂ ਲਈ ਪੇਸ਼ਗੀ ਤੌਰ ਤੇ ਧੰਨਵਾਦ ਕਰਨਾ ਚਾਹੁੰਦਾ ਹਾਂ।

ਸ਼ੁੱਭ ਇੱਛਾਵਾਂ

**ਏਲੋ ਪਲੇਨਸ(Eloi Planes)**

FLUIDRA

## 2. ਉਦੇਸ਼ ਅਤੇ ਕਾਰਜ-ਖੇਤਰ

ਇਸ ਨੈਤਿਕਤਾ ਕੋਡ ਦੀ ਸਮੱਗਰੀ ਉਨ੍ਹਾਂ ਸਿਧਾਂਤਾਂ ਦਾ ਪ੍ਰਤਿਬਿੰਬ ਹੈ ਜਿਨ੍ਹਾਂ ਨੂੰ Fluidra ਨਾਲ ਸਬੰਧਿਤ ਸਾਰੇ ਲੋਕਾਂ ਦੇ ਵਿਹਾਰ ਨੂੰ ਸੰਚਾਲਿਤ ਕਰਨਾ ਚਾਹੀਦਾ ਹੈ।

ਕੋਡ ,ਉਦੇਸ਼ ਦੀ ਘੋਸ਼ਣਾ ਵਜੋਂ ਕੰਮ ਕਰਦਾ ਹੈ ਅਤੇ ਬੋਰਡ ਆਫ਼ ਡਾਇਰੈਕਟਰਾਂ ਦੇ ਸਾਰੇ ਮੈਂਬਰਾਂ ,ਪ੍ਰਬੰਧਕਾਂ ਅਤੇ Fluidra ਕੰਪਨੀਆਂ ਦੇ ਸਾਰੇ ਕਰਮਚਾਰੀਆਂ ਲਈ ਬੰਧਨਕਾਰੀ ਹੈ ,ਉਹਨਾਂ ਦੁਆਰਾ ਕੀਤੇ ਇਕਰਾਰਨਾਮੇ ਦੇ ਸੰਦਰਭ ਦੇ ਬਿਨਾਂ ਜੋ ਉਨ੍ਹਾਂ ਦੇ ਪੇਸ਼ੇਵਰ ਜਾਂ ਰੁਜ਼ਗਾਰ ਦੇ ਸੰਬੰਧ ਨੂੰ ਤੈਅ ਕਰਦਾ ਹੈ ,ਜਿਨ੍ਹਾਂ ਨੂੰ ਇਸ ਦੇ ਬਾਅਦ ਅੱਗੇ Fluidra ਦੇ"ਮੈਂਬਰ"ਕਿਹਾ ਗਿਆ ਹੈ ,ਇਸ ਤਰ੍ਹਾਂ ਇਹ ਨੈਤਿਕ ਅਤੇ ਜ਼ਿੰਮੇਵਾਰ ਵਿਹਾਰ ਨੂੰ ਯਕੀਨੀ ਬਣਾਉਂਦਾ ਹੈ।

ਨੈਤਿਕਤਾ ਕੋਡ ਨਾ ਤਾਂ ਹਰੇਕ ਦੇਸ਼ ਜਾਂ ਅੰਤਰਰਾਸ਼ਟਰੀ ਭਾਈਚਾਰੇ ਦੇ ਪ੍ਰਸ਼ਾਸ਼ਕੀ ,ਨਾਗਰਿਕ ,ਅਪਰਾਧਕ ,ਰੁਜ਼ਗਾਰ ਜਾਂ ਵਪਾਰਕ ਕਾਨੂੰਨ ਦੇ ਮਾਮਲਿਆਂ ਵਿੱਚ ਲਾਗੂ ਵਿਧਾਨ ,ਅਤੇ ਨਾ ਹੀ ਅੰਦਰੂਨੀ ਕੰਪਨੀ ਦੇ ਨਿਯਮਾਂ ਜਾਂ ਸਮੂਹਿਕ ਸੌਦੇਬਾਜ਼ੀ ਸਮਝੌਤੇ ਜੋ ਲਾਗੂ ਹੋ ਸਕਦੇ ਹਨ ,ਦੀ ਨਾ ਤਾਂ ਥਾਂ ਲੈਂਦਾ ਹੈ ਅਤੇ ਨਾ ਹੀ ਇਨ੍ਹਾਂ ਨੂੰ ਰੱਦ ਕਰਦਾ ਹੈ।

ਕਿਸੇ ਵੀ Fluidra ਕੰਪਨੀ ਨਾਲ ਆਪਣੇ ਰੁਜ਼ਗਾਰ ਦੀ ਸ਼ੁਰੂਆਤ ਕਰਨ ਤੇ ,ਸਾਰੇ Fluidra ਮੈਂਬਰਾਂ ਨੂੰ ਨੈਤਿਕਤਾ ਕੋਡ ਦੀ ਇੱਕ ਕਾਪੀ ਪ੍ਰਾਪਤ ਹੋਏਗੀ ,ਜਿਸ ਨੂੰ ਉਹਨਾਂ ਨੂੰ ਇਸ ਵਿੱਚ ਨਿਰਧਾਰਤ ਕੀਤੇ ਗਏ ਸੰਚਾਲਨ ਸਬੰਧੀ ਦਿਸ਼ਾ-ਨਿਰਦੇਸ਼ਾਂ ਨੂੰ ਪੜ੍ਹਨਾ ਅਤੇ ਸਵੀਕਾਰ ਕਰਨਾ ਲਾਜ਼ਮੀ ਹੈ। ਕੋਡ Fluidra ,ਦੇ ਇੰਟਰਾਨੈਟ ਅਤੇ ਵੈਬਸਾਈਟ ਤੋਂ ਡਾਉਨਲੋਡ ਕਰਨ ਦੇ ਨਾਲ-ਨਾਲ ਇਸ ਨਾਲ ਸਬੰਧਿਤ ਸਿਖਲਾਈ ਤੋਂ ਵੀ ਉਪਲਬਧ ਹੈ।

ਇਸੇ ਤਰ੍ਹਾਂ ,ਸਾਰੇ Fluidra ਮੈਂਬਰ ਨੈਤਿਕਤਾ ਕੋਡ ਦੀ ਪਾਲਣਾ ਕਰਨ ਅਤੇ ਇਸ ਦੇ ਸਿਧਾਂਤਾਂ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹਨ ,ਨਾਲ ਦੀ ਨਾਲ ਸਾਰੇ ਖੇਤਰ ਪ੍ਰਬੰਧਕਾਂ ਇਸ ਦੀ ਵਰਤੋਂ ਅਤੇ ਪਾਲਣਾ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹਨ।

Fluidra ਆਪਣੇ ਮੈਂਬਰਾਂ ਨੂੰ ਹਮੇਸ਼ਾਂ ਉਹਨਾਂ ਦੇ ਤੁਰੰਤ ਉੱਚ ਅਧਿਕਾਰੀਆਂ ਅਤੇ/ਜਾਂ ਨੈਤਿਕ ਕਮੇਟੀ ਨਾਲ ਉਸ ਕਿਸੇ ਵੀ ਸਥਿਤੀ ਵਿੱਚ ਸਲਾਹ ਲੈਣ ਲਈ ਉਤਸ਼ਾਹਿਤ ਕਰਦੀ ਹੈ ਜਿਸ ਵਿੱਚ ਉਹ ਇਸ ਬਾਰੇ ਅਸਪਸ਼ਟ ਹਨ ਕਿ ਕੀ ਉਹਨਾਂ ਦੀਆਂ ਕਾਰਵਾਈਆਂ ਜਾਂ ਤੀਜੀ ਧਿਰ ਦੀਆਂ ਕਾਰਵਾਈਆਂ ਕਾਰਨ Fluidra ਵਿਚਲੀਆਂ ਕੰਪਨੀਆਂ ਰਾਹੀਂ ਇਸ ਦਸਤਾਵੇਜ਼ ਵਿੱਚ ਸਥਾਪਤ ਨੈਤਿਕ ਸਿਧਾਂਤਾਂ ਨਾਲ ਟਕਰਾਅ ਹੋ ਸਕਦਾ ਹੈ।

FLUIDRA

## 3. ਸਾਡਾ ਮਿਸ਼ਨ ਅਤੇ ਕਦਰਾਂ ਕੀਮਤਾਂ

**ਸਾਡਾ ਮਿਸ਼ਨ ਸੰਪੂਰਨ ਤੈਰਾਕੀ ਪੂਲ ਅਤੇ ਤੰਦਰੁਸਤੀ ਦੇ ਅਨੁਭਵ ਨੂੰ ਬਣਾਉਣਾ ਹੈ।**

Fluidra ਦਾ ਟੀਚਾ ਸਾਰੇ ਕਾਰਜਸ਼ੀਲ ਖੇਤਰਾਂ ਵਿੱਚ ਤੀਜੀਆਂ ਧਿਰਾਂ ਅਤੇ ਹਿੱਸੇਦਾਰਾਂ ਨਾਲ ਆਪਣੀਆਂ ਪ੍ਰਤੀਬੱਧਤਾਵਾਂ ਨੂੰ ਮਜ਼ਬੂਤ ਕਰਕੇ ਅਤੇ ਨਵੀਨੀਕਰਣ ਦੁਆਰਾ ,ਟਿਕਾਊ ਵਿਕਾਸ ਦੇ ਪ੍ਰਸੰਗ ਵਿੱਚ ਆਰਥਿਕ ,ਵਾਤਾਵਰਣਿਕ ਅਤੇ ਸਮਾਜਿਕ ਪ੍ਰਗਤੀ ਲਈ ਆਪਣੇ ਯੋਗਦਾਨ ਵਿੱਚ ਹੌਲੀ-ਹੌਲੀ ਤਰੱਕੀ ਕਰਨਾ ਹੈ।

ਇਸ ਨੂੰ ਪ੍ਰਾਪਤ ਕਰਨ ਲਈ ,ਅਸੀਂ ਆਪਣੇ ਕਾਰਪੋਰੇਟ ਕਦਰਾਂ-ਕੀਮਤਾਂ ਦੀ ਪਾਲਣਾ ਤੇ ਨਿਰਭਰ ਕਰਦੇ ਹਾਂ।



FLUIDRA

## 4. ਸਾਡੀਆਂ ਵਚਨਬੱਧਤਾਵਾਂ

ਸਾਡੇ ਸਿਧਾਂਤ ,ਲਾਗੂ ਕਾਨੂੰਨਾਂ ਅਤੇ ਟਿਕਾਊ ਵਿਕਾਸ ਲਈ ਲਾਗੂ ਕਾਨੂੰਨਾਂ ਅਤੇ ਨਿਯਮਾਂ ਦਾ ਸਤਿਕਾਰ ਕਰਦੇ ਹੋਏ Fluidra ਦੁਆਰਾ ਇੱਕ ਚੰਗੇ ਅਤੇ ਵਧੇਰੇ ਸਾਂਝੇ ਸਮਾਜ ਨੂੰ ਉਤਸ਼ਾਹਤ ਕਰਨ ਵਿੱਚ ਕੀਤੀਆਂ ਵਚਨਬੱਧਤਾਵਾਂ ਪ੍ਰਤੀਬਿੰਬਤ ਹੁੰਦੇ ਹਨ।

### 4.1. ਸਮਾਜ ਅਤੇ ਮਨੁੱਖੀ ਅਧਿਕਾਰਾਂ ਵੱਲ

Fluidraਜਿੱਥੇ ਇਹ ਕੰਮ ਕਰ ਰਹੀ ਹੈ ਉੱਥੇ ਕੰਮ ਨਹੀਂ ਕਰ ਪਾਏਗੀ ਜੇਕਰ ਉਸ ਸਥਾਨ ਦੇ ਭਾਈਚਾਰੇ ਦੁਆਰਾ ਉਸਨੂੰ ਪ੍ਰਵਾਨਗੀ ਨਹੀਂ ਦਿੱਤੀ ਜਾਂਦੀ।

Fluidraਆਪਣੇ ਆਲੇ ਦੁਆਲੇ ਦੇ ਭਾਈਚਾਰਿਆਂ ਨਾਲ ਆਪਣੇ ਰੋਜ਼ਾਨਾ ਦੇ ਸੰਬੰਧਾਂ ਵਿੱਚ ਸੰਵਾਦ ਕਰਨ ਅਤੇ ਸਹਿਯੋਗ ਲਈ ਕੋਸ਼ਿਸ਼ ਕਰਦੀ ਹੈ।

Fluidraਮੈਂਬਰ ,ਬਿਨਾਂ ਕਿਸੇ ਅਪਵਾਦ ਦੇ ,ਮਨੁੱਖੀ ਅਧਿਕਾਰਾਂ ਦੇ ਵਿਸ਼ਵਵਿਆਪੀ ਐਲਾਨਨਾਮੇ ਦੇ ਸਿਧਾਂਤਾਂ ਦਾ ਸਤਿਕਾਰ ਕਰਨ ਲਈ ਪਾਬੰਦ ਹਨ।

ਇਸ ਲਈ Fluidra ,ਇਹ ਸੁਨਿਸ਼ਚਿਤ ਕਰਦੀ ਹੈ ਕਿ ਇਸ ਦੇ ਕੋਈ ਵੀ ਮੈਂਬਰ ਇਹਨਾਂ ਅਧਿਕਾਰਾਂ ਦੀ ਉਲੰਘਣਾ ਵਿੱਚ ਸ਼ਾਮਲ ਨਾ ਹੋਣ ,ਜਿਵੇਂ ਕਿ ਹੇਠਾਂ ਸੂਚੀਬੱਧ ਕੀਤਾ ਗਿਆ ਹੈ ,ਅਤੇ ਇਸ ਦੇ ਸਪਲਾਇਰਾਂ ਅਤੇ ਗ੍ਰਾਹਕਾਂ ਨੂੰ ਵੀ ਇਹਨਾਂ ਨਿਯਮਾਂ ਦੀ ਪਾਲਣਾ ਕਰਨ ਦੀ ਲੋੜ ਹੈ।

- **ਮਨੁੱਖੀ ਪ੍ਰਤਿਸ਼ਠਾ ਲਈ ਸਤਿਕਾਰ**

ਹਰੇਕ ਵਿਅਕਤੀ ਕੋਲ ਅਧਿਕਾਰ ਹੈ ਕਿ ਨਸਲ ,ਰੰਗ ,ਲਿੰਗ ,ਭਾਸ਼ਾ ,ਧਰਮ ,ਰਾਜਨੀਤਿਕ ਜਾਂ ਹੋਰ ਰਾਏ ,ਰਾਸ਼ਟਰੀ ਜਾਂ ਸਮਾਜਿਕ ਉਤਪਤੀ ,ਆਰਥਿਕ ਰੁਤਬਾ ,ਜਨਮ ,ਜਾਂ ਕਿਸੇ ਵੀ ਹੋਰ ਸ਼ਰਤ ਦੀ ਪਰਵਾਹ ਕੀਤੇ ਬਿਨਾਂ ਉਸ ਨਾਲਾ ਸਤਿਕਾਰ ਅਤੇ ਪ੍ਰਤਿਸ਼ਠਾ ਨਾਲ ਵਿਹਾਰ ਕੀਤਾ ਜਾਏ ਜਿਵੇਂ ਕਿ ਮਨੁੱਖੀ ਅਧਿਕਾਰਾਂ ਦੇ ਵਿਸ਼ਵਵਿਆਪੀ ਐਲਾਨਨਾਮੇ ਦੇ ਆਰਟੀਕਲ 2 ਵਿੱਚ ਦਰਸਾਇਆ ਗਿਆ ਹੈ।

Fluidraਦੇ ਸਾਰੇ ਮੈਂਬਰ ਸੰਗਠਨ ਦੇ ਅੰਦਰ ਅਤੇ ਬਾਹਰ ਸਾਰੇ ਲੋਕਾਂ ਨਾਲ ਚੰਗੇ ਸੰਬੰਧ ਕਾਇਮ ਰੱਖਣ ਅਤੇ ਉਨ੍ਹਾਂ ਨਾਲ ਸਤਿਕਾਰ ਨਾਲ ਪੇਸ਼ ਆਉਣ ਲਈ ਨਾਲ ਹਨ।

- **ਜਬਰਦਸਤੀ ਮਜ਼ਦੂਰੀ ਦਾ ਖਾਤਮਾ**

ਹਰੇਕ ਵਿਅਕਤੀ ਨੂੰ ਅਧਿਕਾਰ ਹੈ ਕਿ ਉਹ ਆਪਣਾ ਕੰਮ ਸੁਤੰਤਰ ਅਤੇ ਸਵੈਇੱਛਤ ਤੌਰ ਤੇ ,ਹਰੇਕ ਵਿਅਕਤੀਗਤ ਦੇਸ਼ ਦੇ ਕਾਨੂੰਨ ਅਨੁਸਾਰ ,ਬਿਨਾਂ ਕਿਸੇ ਜਬਰਦਸਤੀ ਜਾਂ ਕੰਮ ਕਰਨ ਲਈ ਮਜਬੂਰ ਕੀਤੇ ਜਾਣ ਤੋਂ ਬਿਨਾਂ ਕਰੇ।

Fluidraਹਰ ਕਿਸਮ ਦੀ ਗੁਲਾਮੀ ਦੇ ਵਿਰੁੱਧ ਹੈ ,ਅਤੇ ਨਾਲ ਹੀ ਜਬਰਦਸਤੀ ਮਜ਼ਦੂਰੀ ਦੀਆਂ ਸਾਰੀਆਂ ਕਿਸਮਾਂ ਦੇ ਵਿਰੁੱਧ ਹੈ ,ਜਿਵੇਂ ਕਿ ਸੰਯੁਕਤ ਰਾਸ਼ਟਰ ਦੀ ਗਲੋਬਲ ਸੰਧੀ ਦ (4) ਚੌਥੇ ਸਿਧਾਂਤ ਵਿੱਚ ਨਿਰਧਾਰਤ ਕੀਤਾ ਗਿਆ ਹੈ।

- **ਬਾਲ ਮਜ਼ਦੂਰੀ ਦਾ ਖਾਤਮਾ**

Fluidraਇਸ ਦੀ ਕਿਸੇ ਵੀ ਵਰਕਸਾਈਟ ਤੇ ਜਾਂ ਇਸ ਦੇ ਸਪਲਾਇਰਾਂ ਨੂੰ ਬਾਲ ਮਜ਼ਦੂਰੀ ਦੀ ਅਜਿਹੀ ਭਰਤੀ ਜੋ ਕਿ ਬਾਲ ਮਜ਼ਦੂਰੀ ਦੇ ਮਾੜੇ ਢੰਗਾਂ ਸੰਬੰਧੀ ILO (ਅੰਤਰਰਾਸ਼ਟਰੀ ਲੇਬਰ ਆਰਗਨਾਈਜ਼ੇਸ਼ਨ) ਦੇ ਸਮਝੌਤਿਆਂ ਅਤੇ ਸਿਫਾਰਸ਼ਾਂ

ਦੀ ਉਲੰਘਣਾ ਹੈ ,ਲਈ ਆਗਿਆ ਨਾ ਦੇ ਕੇ ਬਾਲ ਮਜ਼ਦੂਰੀ ਬਾਲ ਮਜ਼ਦੂਰੀ ਨੂੰ ਖਤਮ ਕਰਨ ਦਾ ਕੰਮ ਕਰਦੀ ਹੈ।

## 4.2. Fluidraਦੇ ਮੈਂਬਰਾਂ ਵੱਲ

ਸਾਰੇ Fluidra ਮੈਂਬਰ ਉਨ੍ਹਾਂ ਸਾਰੇ ਦੇਸ਼ਾਂ ਵਿਚਲੇ ਮੌਜੂਦਾ ਲੇਬਰ ਕਾਨੂੰਨਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹਨ ਜਿਸ ਵਿੱਚ ਇਹ ਕੰਮ ਕਰਦੀ ਹੈ ,ਇਸ ਤਰ੍ਹਾਂ ਸਤਿਕਾਰ ,ਬਰਾਬਰੀ ਅਤੇ ਸੁਰੱਖਿਆ ਦਾ ਵਾਤਾਵਰਣ ਪੈਦਾ ਹੁੰਦਾ ਹੈ। Fluidraਲਈ ਕੰਮ ਕਰਨ ਵਾਲੇ ਸਾਰੇ ਲੋਕਾਂ ਲਈ ਹੇਠ ਲਿਖੇ ਸਿਧਾਂਤਾਂ ਨੂੰ ਆਪਣੀ ਕਾਰਵਾਈ ਦਾ ਅਧਾਰ ਬਣਾਉਣਾ ਜ਼ਰੂਰੀ ਹੈ:

- **ਲੋਕਾਂ ਲਈ ਸਤਿਕਾਰ**

ਸਭ ਤੋਂ ਪਹਿਲਾਂ Fluidra ,ਸਾਰੇ ਕਰਮਚਾਰੀਆਂ ਦੇ ਵਿਅਕਤੀਗਤ ਅਤੇ ਨਿੱਜੀ ਅਧਿਕਾਰਾਂ ਦਾ ਸਤਿਕਾਰ ਕਰਦੀ ਹੈ ,ਅਤੇ ਹਰ ਕਿਸੇ ਦੀ ਇੱਜ਼ਤ ਅਤੇ ਨਿੱਜਤਾ ਦੀ ਰੱਖਿਆ ਕਰਨ ਲਈ ,ਕੰਮ ਦਾ ਉਹ ਮਾਹੌਲ ਪ੍ਰਦਾਨ ਕਰਨ ਲਈ ਵਚਨਬੱਧ ਹੈ ਜੋ ਡਰ ਅਤੇ ਪ੍ਰੇਸ਼ਾਨੀ ਤੋਂ ਮੁਕਤ ਹੈ।

ਲੋਕਾਂ ਦਾ ਸਤਿਕਾਰ ਕਰਨ ਦੀ ਸਾਡੀ ਵਚਨਬੱਧਤਾ ਕੰਮਕਾਜ਼ੀ ਜ਼ਿੰਦਗੀ ਦੇ ਸਾਰੇ ਪਹਿਲੂਆਂ ਨੂੰ ਸ਼ਾਮਲ ਕਰਦੀ ਹੈ ਅਤੇ ਸਾਰੇ ਕਰਮਚਾਰੀਆਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਉਨ੍ਹਾਂ ਦੇ ਅਹੁਦੇ ਦੀ ਪਰਵਾਹ ਕੀਤੇ ਬਿਨਾਂ ਦੂਜਿਆਂ ਦਾ ਆਦਰ ਕਰਨ।

- **ਬਰਾਬਰ ਅਵਸਰਾਂ ਅਤੇ ਬਿਨਾਂ-ਪੱਖਪਾਤ ਦਾ ਅਧਿਕਾਰ**

ਸਾਡੀ ਵਚਨਬੱਧਤਾ ਬਰਾਬਰ ਅਵਸਰਾਂ ਨੂੰ ਉਤਸ਼ਾਹਤ ਕਰਨ ਤੇ ਅਧਾਰਤ ਹੈ ,ਸੰਸਥਾ ਵਿੱਚ ਸ਼ਾਮਲ ਹੋਣ ਅਤੇ ਇਸ ਵਿੱਚ ਤਰੱਕੀ ਲੈਣ ਲਈ ,ਦੋਵਾਂ ਹਾਲਤਾਂ ਵਿਚ।

Fluidraਵਿਖੇ ਕੰਮਕਾਜ਼ੀ ਸੰਬੰਧ ,ਆਪਸੀ ਸਤਿਕਾਰ ਅਤੇ ਬਰਾਬਰੀ ਦੇ ਸਿਧਾਂਤਾਂ ਤੇ ਅਧਾਰਤ ਹਨ। ਇਸ ਲਈ ,ਉਮਰ , ਰਾਜਨੀਤਿਕ ਵਿਸ਼ਵਾਸਾਂ ,ਧਰਮ ਜਾਂ ਹੋਰ ਮਾਨਤਾਵਾਂ ,ਜਾਤੀ ਮੂਲ ,ਜਾਤ ਜਾਂ ਮੂਲ ਦੇਸ਼ ,ਭਾਸ਼ਾ ,ਲਿੰਗ ,ਜਿਨਸੀ ਰੁਝਾਨ , ਪਰਿਵਾਰਕ ਰੁਤਬਾ ,ਬਿਮਾਰੀ ਜਾਂ ਅਪਾਹਜਤਾ ਜਾਂ Fluidra ਵਿੱਚ ਕਾਨੂੰਨੀ ਪ੍ਰਤੀਨਿਧੀ ਹੋਣ ਜਾਂ ਕਰਮਚਾਰੀਆਂ ਦੇ ਟ੍ਰੇਡ ਯੂਨੀਅਨ ਦਾ ਨੁਮਾਇੰਦਾ ਹੋਣ ,ਜਾਂ ਦੂਜੇ ਕਰਮਚਾਰੀਆਂ ਨਾਲ ਸਬੰਧਿਤ ਹੋਣ ਦੇ ਆਧਾਰ ਤੇ ਹੋਰਾਂ ਨਾਲ ਵਿਤਕਰਾ ਅਸਵੀਕਾਰਯੋਗ ਹੈ।

- **ਲੋਕਾਂ ਦੀ ਤਰੱਕੀ ਅਤੇ ਵਿਕਾਸ**

Fluidraਆਪਣੀਆਂ ਅੰਦਰਲੀਆਂ ਕੰਪਨੀਆਂ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਗਤੀਸ਼ੀਲਤਾ ਦੀ ਸਹੂਲਤ ਪ੍ਰਦਾਨ ਕਰਕੇ ਅਤੇ ਉਨ੍ਹਾਂ ਨੂੰ ਉਤਸ਼ਾਹਤ ਕਰਕੇ ,ਆਪਣੇ ਲੋਕਾਂ ਨੂੰ ਬਹੁਤ ਸਾਰੇ ਅਵਸਰ ਪ੍ਰਦਾਨ ਕਰਨ ਲਈ ਯਤਨਸ਼ੀਲ ਹੈ ਤਾਂ ਕਿ ਉਹ ਆਪਣੇ ਮਨੁੱਖੀ ਅਤੇ ਪੇਸ਼ੇਵਰ ਸਮਰੱਥਾ ਨੂੰ ਪੂਰੀ ਤਰ੍ਹਾਂ ਵਿਕਸਤ ਕਰ ਸਕਣ।

Fluidraਆਪਣੇ ਮੈਂਬਰਾਂ ਦੇ ਕੈਰੀਅਰ ਨੂੰ ਅੱਗੇ ਵਧਾਉਣ ਅਤੇ ਸਿਖਲਾਈ ਦੀਆਂ ਯੋਜਨਾਵਾਂ ,ਕੋਰਸਾਂ ਅਤੇ ਸੈਮੀਨਾਰਾਂ ਦੁਆਰਾ ਗਿਆਨ ਦੇ ਤਬਾਦਲੇ ,ਹੁਨਰਾਂ ਦੀ ਪ੍ਰਾਪਤੀ ਅਤੇ ਵਿਕਾਸ ,ਅਤੇ ਇਸ ਤਰ੍ਹਾਂ ਉਨ੍ਹਾਂ ਦਾ ਨਿੱਜੀ ਅਤੇ ਪੇਸ਼ੇਵਰ ਵਿਕਾਸ ਦੇ ਉਦੇਸ਼ ਨਾਲ ਜੀਵਨ ਭਰ ਸਿਖਲਾਈ ਵਿੱਚ ਹਿੱਸਾ ਪਾਉਣ ਦੁਆਰਾ ਉਨ੍ਹਾਂ ਵਿੱਚ ਨਿਵੇਸ਼ ਕਰਦੀ ਹੈ।

- **ਗੋਪਨੀਯਤਾ ਅਤੇ ਨਿੱਜੀ ਡੇਟਾ ਸੁਰੱਖਿਆ ਦਾ ਅਧਿਕਾਰ**

Fluidraਉਨ੍ਹਾਂ ਵਿਅਕਤੀਆਂ ਦੀ ਗੋਪਨੀਯਤਾ ਦਾ ਸਨਮਾਨ ਅਤੇ ਸੁਰੱਖਿਆ ਕਰੇਗੀ ਜੋ ਲਾਗੂ ਗੋਪਨੀਯਤਾ ਕਾਨੂੰਨਾਂ ਦੇ ਅਨੁਸਾਰ ,ਆਪਣੇ ਵਿਹਾਰ ਸਮੇਂ ,ਆਪਣਾ ਨਿੱਜੀ ਡੇਟਾ ਜਾਂ ਜਾਣਕਾਰੀ ਪ੍ਰਦਾਨ ਕਰਦੇ ਹਨ।

FLUIDRA

ਜਦੋਂ Fluidra ਮੈਂਬਰਾਂ ਅਤੇ ਗਾਹਕਾਂ ਜਾਂ Fluidra ਨਾਲ ਸਬੰਧਿਤ ਤੀਜੀ ਧਿਰਾਂ ਤੋਂ ਨਿੱਜੀ ਅੰਕੜੇ ਪ੍ਰਾਪਤ ਕਰਨ ਦੀ ਜ਼ਰੂਰਤ ਹੁੰਦੀ ਹੈ ,ਤਾਂ ਇਸ ਗੱਲ ਦੀ ਗਰੰਟੀ ਲਈ ਉਪਾਅ ਕੀਤੇ ਜਾਣਗੇ ਕਿ ਇਹ ਡੇਟਾ ਲੋੜੀਂਦੀ ਸਹਿਮਤੀ ਅਤੇ ਲੋੜੀਂਦੀ ਜਾਣਕਾਰੀ ਨਾਲ ਸਹੀ ਤਰ੍ਹਾਂ ਪ੍ਰਾਪਤ ਕੀਤਾ ਗਿਆ ਹੈ ਤਾਂ ਜੋ ਸਬੰਧਿਤ ਧਿਰ ਨੂੰ ਪ੍ਰੋਸੈਸਿੰਗ ਦਾ ਦਾਇਰਾ ਅਤੇ ਉਦੇਸ਼ ਬਾਰੇ ਪਤਾ ਹੋਵੇ ,ਅਤੇ ਸਾਰੇ ਮਾਮਲਿਆਂ ਵਿੱਚ ਨਿੱਜੀ ਡੇਟਾ ਸੁਰੱਖਿਆ ਕਾਨੂੰਨ ਦੀ ਪਾਲਣਾ ਹੋਵੇਗੀ।

- **ਸੱਚਾਈ ,ਗੁਪਤਤਾ ਅਤੇ ਜਾਣਕਾਰੀ ਤੇ ਪ੍ਰਕਿਰਿਆ ਕਰਨਾ**

Fluidraਜਾਣਕਾਰੀ ਦੀ ਸੁਰੱਖਿਆ ,ਅਤੇ ਇਸ ਦੀ ਗੁਪਤਤਾ ਅਤੇ ਸੱਚਾਈ ਨੂੰ ਯਕੀਨੀ ਬਣਾਏਗੀ ,ਜੋ ਕਿ ਸਾਰੇ ਮੈਂਬਰਾਂ ਜਾਂ ਉਨ੍ਹਾਂ ਦੀ ਜ਼ਿੰਮੇਵਾਰੀ ਹੋਵੇਗੀ ਜੋ ਇਸ ਨਾਲ ਮਿਲਕੇ ਕੰਮ ਕਰਦੇ ਹਨ। ਡਾਟਾਬੇਸ ਅਤੇ ਗੁਪਤ ਜਾਣਕਾਰੀ ਦੀ ਅਣਅਧਿਕਾਰਤ ਅਸਾਈਨਮੈਂਟ ਸਖਤੀ ਨਾਲ ਵਰਜਿਤ ਹੈ।

ਜਾਣਕਾਰੀ ,ਸੁਰੱਖਿਆ ਦੇ ਉਨ੍ਹਾਂ ਉਪਾਵਾਂ ਦੁਆਰਾ ਸੁਰੱਖਿਅਤ ਕੀਤੀ ਜਾਏਗੀ ਜੋ ਗੁਪਤਤਾ ਦਾ ਪੱਧਰ ਅਨੁਸਾਰ ਢੁੱਕਵੇਂ ਹਨ ,ਅਤੇ Fluidra ਅਤੇ ਇਸ ਦੇ ਮੈਂਬਰ ਹਾਰਡ ਜਾਂ ਸਾਫਟ ਕਾਪੀ ਤੇ ਸਟੋਰ ਕੀਤੀ ਮਲਕੀਅਤ ਵਾਲੀ ਅਤੇ ਗੁਪਤ ਜਾਣਕਾਰੀ ਦੀ ਕਿਸੇ ਵੀ ਬਾਹਰੀ ਜਾਂ ਅੰਦਰੂਨੀ ਖਤਰੇ ਤੋਂ ,ਇਸ ਦੀ ਅਣਅਧਿਕਾਰਤ ਵਰਤੋਂ ਤੋਂ ,ਇਸ ਤਰ੍ਹਾਂ ਦੇ ਡੇਟਾ ਨੂੰ ਸੰਭਾਲਨ ਜਾਂ ਇਰਾਦਤਨ ਜਾਂ ਦੁਰਘਟਨਾਪੂਰਨ ਨਸ਼ਟ ਹੋਣ ਤੋਂ ਸੁਰੱਖਿਆ ਲਈ ਲੋੜੀਂਦੇ ਸੁਰੱਖਿਆ ਉਪਾਵਾਂ ਨੂੰ ਲਾਗੂ ਕਰਨ ਲਈ ਅਤੇ ਸਥਾਪਿਤ ਪ੍ਰਕਿਰਿਆਵਾਂ ਦੀ ਪਾਲਣਾ ਕਰਨ ਲਈ ਜ਼ਿੰਮੇਵਾਰ ਹੁੰਦੇ ਹਨ।

Fluidraਦੀ ਆਰਥਿਕ ਅਤੇ ਵਿੱਤੀ ਜਾਣਕਾਰੀ – ਖਾਸ ਕਰਕੇ ਇਸ ਦੇ ਵਿੱਤੀ ਬਿਆਨ – ਇਸ ਦੀ ਕਾਨੂੰਨੀ ਸਥਿਤੀ , ਵਿੱਤ ਅਤੇ ਜਾਇਦਾਦਾਂ ਦੇ ਸਹੀ ਅਤੇ ਭਰੋਸੇਯੋਗ ਪ੍ਰਤੀਬਿੰਬ ਹੋਣੇ ਚਾਹੀਦੇ ਹਨ।

Fluidraਲਈ ਕੀਤੇ ਗਏ ਕੰਮ ਦੇ ਦੌਰਾਨ ਪ੍ਰਾਪਤ ਕੀਤੀ ਜਾਣਕਾਰੀ ਦੇ ਸੰਬੰਧ ਵਿੱਚ ਗੁਪਤਤਾ ਦਾ ਫਰਜ਼ ਕੰਮਕਾਜ਼ੀ ਸਬੰਧਾਂ ਦੀ ਸਮਾਪਤੀ ਤੋਂ ਵੀ ਅੱਗੇ ਵਧ ਜਾਵੇਗਾ ,ਉਨ੍ਹਾਂ ਹਾਲਤਾਂ ਨੂੰ ਛੱਡ ਕੇ ਜਦੋਂ ਕਾਨੂੰਨ ਦੁਆਰਾ ਖੁਲਾਸੇ ਕੀਤੇ ਜਾਣ ਦੀ ਜਰੂਰਤ ਹੁੰਦੀ ,ਜਾਂ ਕਾਨੂੰਨੀ ਜਾਂ ਪ੍ਰਬੰਧਕੀ ਹੁਕਮਾਂ ਦੀ ਪਾਲਣਾ ਕੀਤੀ ਜਾਂਦੀ ਹੈ ,ਜਾਂ ਇਸ ਸਥਿਤੀ ਵਿੱਚ ਸਬੰਧਿਤ ਪਾਰਟੀ ਨੇ ਅਜਿਹੇ ਖੁਲਾਸੇ ਲਈ ਸਹਿਮਤੀ ਦਿੱਤੀ ਹੈ।

- **ਕੰਮ ਵਾਲੀ ਥਾਂ ਤੇ ਕਰਮਚਾਰੀਆਂ ਦੇ ਅਧਿਕਾਰ ,ਅਤੇ ਸਿਹਤ ਅਤੇ ਸੁਰੱਖਿਆ**

Fluidraਨੇ ਕਾਨੂੰਨ ਦੁਆਰਾ ਲੋੜੀਂਦੀਆਂ ,ਕਿੱਤਾਮੁਖੀ ਖਤਰੇ ਤੋਂ ਬਚਾਅ ਦੀਆਂ ਪ੍ਰਣਾਲੀਆਂ ਨੂੰ ਸਥਾਪਿਤ ਕਰਕੇ ਆਪਣੇ ਮੈਂਬਰਾਂ ਦੇ ਕੰਮ ਦੇ ਸਥਾਨ ਤੇ ਸਿਹਤ ਅਤੇ ਸੁਰੱਖਿਆ ਸਬੰਧੀ ਬੁਨਿਆਦੀ ਅਧਿਕਾਰਾਂ ਨੂੰ ਮਾਨਤਾ ਦਿੱਤੀ ਹੈ।

ਸਾਡੀ ਵਚਨਬੱਧਤਾ ,ਸਿਹਤ ਅਤੇ ਸੁਰੱਖਿਆ ਬਾਰੇ ਅਧਿਨਿਯਮਾਂ ਨੂੰ ਲਾਗੂ ਕਰਕੇ ਅਤੇ ਇਨ੍ਹਾਂ ਦੀ ਪਾਲਣਾ ਕਰਕੇ ਕੰਮ ਵਾਲੀ ਥਾਂ ਤੋਂ ਖਤਰੇ ਨੂੰ ਦੂਰ ਕਰਨ ਤੇ ਕੇਂਦ੍ਰਤ ਹੈ ,ਇਸ ਤੋਂ ਇਲਾਵਾ ਰੋਕਥਾਮ ਪ੍ਰੋਗਰਾਮ ਸਥਾਪਤ ਕਰਨ ,ਸਿਖਲਾਈ ਕੋਰਸਾਂ ਨੂੰ ਚਲਾਉਣ ਅਤੇ ਮੈਂਬਰਾਂ ਨੂੰ ਪ੍ਰਭਾਵਤ ਕਰਨ ਸਕਣ ਵਾਲੇ ਉਨ੍ਹਾਂ ਸਾਰੇ ਸੰਭਾਵਿਤ ਕਿੱਤਾਮੁਖੀ ਖਤਰਿਆਂ ਬਾਰੇ ਲੋੜੀਂਦੀ ਜਾਣਕਾਰੀ ਪ੍ਰਦਾਨ ਕਰਨ ਤੇ ਵੀ ਕੇਂਦ੍ਰਤ ਹੈ।

Fluidraਦੇ ਪਰਿਸਰ ਵਿੱਚ ਕੀਤੇ ਗਏ ਸਾਰੇ ਕੰਮਾਂ ਲਈ ਉਨ੍ਹਾਂ ਵੱਖ-ਵੱਖ ਦੇਸ਼ਾਂ ਵਿੱਚ ਕਿੱਤਾਮੁਖੀ ਖਤਰੇ ਤੋਂ ਬਚਾਅ ਦੇ ਨਿਯਮਾਂ ਜਾਂ ਇਸ ਦੇ ਬਰਾਬਰ ਦੇ ਨਿਯਮਾਂ ਦੇ ਅਨੁਸਾਰ ਜ਼ਰੂਰੀ ਸੁਰੱਖਿਆ ਉਪਾਵਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ ਜਿੱਥੇ Fluidraਕੰਮ ਕਰਦੀ ਹੈ।

Fluidraਦੁਆਰਾ ਰੱਖੇ ਗਏ ਜੋਖਮ ਪ੍ਰਬੰਧਨ ਦੇ ਅਭਿਆਸਾਂ ਦੇ ਬਾਵਜੂਦ ,ਮੈਂਬਰਾਂ ਨੂੰ ਆਪਣੀ ਸਿਹਤ ਅਤੇ ਸੁਰੱਖਿਆ ਦੀ ਰੱਖਿਆ ਲਈ Fluidra ਦੁਆਰਾ ਦੱਸੇ ਗਏ ਰੋਕਥਾਮ ਉਪਾਵਾਂ ਨੂੰ ਅਪਣਾਉਣ ਲਈ ਨਿੱਜੀ ਤੌਰ ਤੇ ਜ਼ਿੰਮੇਵਾਰ ਮੰਨਿਆ ਜਾਵੇਗਾ।

ਨਸ਼ੇ ਜਾਂ ਅਜਿਹੇ ਪਦਾਰਥਾਂ ਦੀ ਵਰਤੋਂ, ਜੋ Fluidra ਮੈਂਬਰਾਂ ਦੁਆਰਾ ਸਿਹਤ ਲਈ ਖਤਰਾ ਪੈਦਾ ਕਰਦੀ ਹੈ, ਉਹ ਕੰਮ ਦੇ ਘੰਟਿਆਂ ਦੌਰਾਨ, ਨਾਲ ਹੀ ਸਾਈਟ ਤੇ ਜਾਂ ਇਸ ਦੇ ਵਾਹਨਾਂ ਵਿੱਚ ਪੂਰੀ ਤਰ੍ਹਾਂ ਵਰਜਿਤ ਹੈ। ਪੀਣ ਦੇ ਲਈ ਕੰਮ ਦੇ ਸਥਾਨ ਤੇ ਸ਼ਰਾਬ ਲਿਆਉਣੀ ਜਾਂ ਕੰਮਕਾਰੀ ਘੰਟਿਆਂ ਦੇ ਦੌਰਾਨ ਅਤੇ ਇਸਦੇ ਨਾਲ ਹੀ ਸਾਈਟ ਤੇ ਜਾਂ ਸਾਈਟ ਦੇ ਵਾਹਨ ਤੇ

ਸ਼ਰਾਬ ਦੇ ਪ੍ਰਭਾਵ ਅਧੀਨ ਹੋਣਾ ਪ੍ਰਤੀਬੰਧਤ ਹੈ, ਇਸ ਵਿੱਚ ਕਾਰਪੋਰੇਟ ਸਮਾਜਿਕ ਸਮਾਗਮਾਂ ਵਿਚ ਅਲਕੋਹਲ ਦੀ ਮੱਧਮ ਅਤੇ ਜ਼ਿੰਮੇਵਾਰ ਖਪਤ ਸ਼ਾਮਲ ਹੈ, ਜਿਸ ਦੌਰਾਨ ਅਲਕੋਹਲ ਪਦਾਰਥਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ, ਬਸ਼ਰਤੇ ਇਸ ਨੂੰ ਕਾਨੂੰਨ ਦੁਆਰਾ ਆਗਿਆ ਦਿੱਤੀ ਜਾਵੇ।

ਮੈਂਬਰਾਂ ਨੂੰ Fluidra ਲਾਗੂ ਕੀਤੇ ਗਏ ਸਿਹਤ ਅਤੇ ਸੁਰੱਖਿਆ ਉਪਾਵਾਂ ਦਾ ਲਾਜ਼ਮੀ ਤੌਰ ਤੇ ਸਨਮਾਨ ਕਰਨਾ ਚਾਹੀਦਾ ਹੈ। ਕਿਸੇ ਵੀ ਸਥਿਤੀ ਵਿੱਚ ਉਹ ਕਿਸੇ ਵੀ ਸੁਰੱਖਿਆ ਉਪਾਵਾਂ ਜਾਂ ਕੰਮ ਦੇ ਸਥਾਨ ਤੇ ਸਥਾਪਤ ਅਰਗੋਨੋਮਿਕ ਵਿਸ਼ੇਸ਼ਤਾਵਾਂ ਨੂੰ ਹਟਾ ਨਹੀਂ ਸਕਦੇ ਜਾਂ ਉਲੰਘਣਾ ਨਹੀਂ ਕਰ ਸਕਦੇ।

ਕਿਸੇ ਵੀ ਗਤੀਵਿਧੀ ਜਾਂ ਉਤਪਾਦ ਦੀ ਨਿਗਰਾਨੀ ਕਰਨ ਲਈ ਨਿਯੰਤਰਣ ਲਗਾਏ ਜਾਣਗੇ ਜੋ ਸਿੱਧੇ ਜਾਂ ਅਸਿੱਧੇ ਤੌਰ ਤੇ ਇਸ ਵਿਚ ਸ਼ਾਮਲ ਪੁਰਜ਼ਿਆਂ ਦੇ ਜ਼ਹਿਰੀਲੇਪਨ ਜਾਂ ਲੋਕਾਂ ਨੂੰ ਪੇਸ਼ ਕਰਨ ਵਾਲੇ ਕਿਸੇ ਹੋਰ ਖਤਰੇ ਦੇ ਕਾਰਨ ਜਨਤਕ ਸਿਹਤ ਅਤੇ ਸੁਰੱਖਿਆ ਲਈ ਜੋਖਮ ਪੈਦਾ ਕਰ ਸਕਦੇ ਹਨ।

ਮਜ਼ਦੂਰਾਂ ਦੇ ਅਧਿਕਾਰਾਂ ਦੇ ਸੰਬੰਧ ਵਿੱਚ Fluidra ,ਕਿਸੇ ਵੀ ਸਥਿਤੀ ਵਿੱਚ ਕੰਮ ਕਰਨ ਜਾਂ ਸਮਾਜਿਕ ਸੁਰੱਖਿਆ ਦੀਆਂ ਉਹ ਸ਼ਰਤਾਂ ਨਹੀਂ ਲਗਾਏਗੀ ਜੋ ਕਾਨੂੰਨੀ ਵਿਵਸਥਾਵਾਂ ,ਸਮੂਹਕ ਸੌਦੇਬਾਜ਼ੀ ਦੇ ਸਮਝੌਤਿਆਂ ਜਾਂ ਵਿਅਕਤੀਗਤ ਸਮਝੌਤਿਆਂ ਦੇ ਤਹਿਤ ਮਜ਼ਦੂਰਾਂ ਦੇ ਅਧਿਕਾਰਾਂ ਦੀ ਉਲੰਘਣਾ ਕਰਦੀਆਂ ਹਨ ,ਇਨ੍ਹਾਂ ਨੂੰ ਖਤਮ ਕਰਦੀਆਂ ਹਨ ਜਾਂ ਪ੍ਰਤਿਬੰਧ ਲਗਾਉਂਦੀਆਂ ਹਨ ,ਅਤੇ ਇਹ ਇਸੇ ਤਰ੍ਹਾਂ ਮਜ਼ਦੂਰ ਸਬੰਧੀ ,ਟੈਕਸ ਅਤੇ ਸਮਾਜਿਕ ਸੁਰੱਖਿਆ ਅਧਿਨਿਯਮਾਂ ਦੀ ਪਾਲਣਾ ਦੀ ਨਿਗਰਾਨੀ ਕਰੇਗੀ ਜੋ ਲਾਗੂ ਹੁੰਦੇ ਹਨ।

ਸਟਾਫ ਦੀਆਂ ਭਰਤੀ ਪ੍ਰਕਿਰਿਆਵਾਂ ਵਿਚ ,ਇੱਕ ਵਿਧੀ ਦੀ ਵਰਤੋਂ ਕੀਤੀ ਜਾਏਗੀ ਜੋ ਨੌਕਰੀ ਦੀਆਂ ਅਸਾਮੀਆਂ ਦੀ ਸੱਚਾਈ ਦੀ ਗਰੰਟੀ ਦਿੰਦਾ ਹੈ ਅਤੇ ਕਿਸੇ ਵੀ ਸਥਿਤੀ ਵਿੱਚ ਕੰਮ ਦੀਆਂ ਗੁੰਮਰਾਹਕੁਨ ਜਾਂ ਭਰਮਾਉ ਸਥਿਤੀਆਂ ਦੀ ਪੇਸ਼ਕਸ਼ ਨਹੀਂ ਕੀਤੀ ਜਾਏਗੀ।

- **ਸੰਗਠਨ ਅਤੇ ਸਮੂਹਿਕ ਸੌਦੇਬਾਜ਼ੀ ਦਾ ਅਧਿਕਾਰ**

ਵਿਚਾਰ ,ਪ੍ਰਗਟਾਵੇ ਅਤੇ ਸੰਗਠਨ ਬਣਾਉਣ ਦੀ ਆਜ਼ਾਦੀ ਦੇ ਅਨੁਸਾਰ Fluidra ,ਕਿਸੇ ਕਰਮਚਾਰੀ ਦੇ ਵਿਚਾਰਾਂ ਅਤੇ ਸੰਗਠਨ ਬਣਾਉਣ ਦੀ ਆਜ਼ਾਦੀ ਦੇ ਅਧਿਕਾਰ ਨੂੰ ਸਵੀਕਾਰ ਕਰਦੀ ਹੈ ,ਜਿਸ ਵਿੱਚ ਰਾਸ਼ਟਰੀ ਕਾਨੂੰਨ ਅਨੁਸਾਰ ਡਰਾਉਣ , ਧਮਕਾਉਣ ਜਾਂ ਬਦਲਾ ਲੈਣ ਦੇ ਡਰ ਤੋਂ ਬਿਨਾਂ ਕਿਸੇ ਟਰੇਡ ਯੂਨੀਅਨ ਵਿੱਚ ਹਿੱਸਾ ਲੈਣ ਦਾ ਅਧਿਕਾਰ ਵੀ ਸ਼ਾਮਲ ਹੈ ,ਅਤੇ ਨਾਲ ਹੀ ਖਾਸ ਟੀਚਿਆਂ ਦੀ ਪ੍ਰਾਪਤੀ ਲਈ ਬਣਾਈ ਗਈ ਸਥਾਈ ਗੈਰ-ਮੁਨਾਫਾ ਸੰਗਠਨਾਂ ਵਿੱਚ ਹਿੱਸਾ ਲੈਣ ਦੀ ਆਜ਼ਾਦੀ , ਜੋ ਉਨ੍ਹਾਂ ਖਾਸ ਕਾਨੂੰਨਾਂ ਦੇ ਅਧੀਨ ਹੈ ਜੋ ਹਰੇਕ ਦੇਸ਼ ਵਿੱਚ ਲਾਗੂ ਹੋ ਸਕਦੇ ਹਨ ਅਤੇ ਹਿੱਤਾਂ ਦੇ ਟਕਰਾਅ ਸਬੰਧੀ Fluidra ਦੇ ਨਿਯਮਾਂ ਦੇ ਅਨੁਸਾਰ ਹੈ।

- **Fluidraਦੀ ਜਾਇਦਾਦ ਦੀ ਉਚਿਤ ਵਰਤੋਂ**

Fluidraਆਪਣੇ ਮੈਂਬਰਾਂ ਨੂੰ ਮਸ਼ੀਨਾਂ ,ਉਪਕਰਣ ਅਤੇ ਆਈਟੀ ਪ੍ਰਣਾਲੀਆਂ ਪ੍ਰਦਾਨ ਕਰਦੀ ਹੈ ਜਿਨ੍ਹਾਂ ਦੀ ਉਨ੍ਹਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਲਈ ਜ਼ਰੂਰਤ ਹੁੰਦੀ ਹੈ। ਹਰੇਕ ਮੈਂਬਰ ਨੂੰ ਇਸ ਉਪਕਰਣ ਦੀ ਸੰਭਾਲ ਕਰਨੀ ਚਾਹੀਦੀ ਹੈ ਅਤੇ ਇਸ ਦੀ ਸਹੀ ਵਰਤੋਂ ਕਰਨੀ ਚਾਹੀਦੀ ਹੈ ,ਇਹ ਸਮਝਿਆ ਜਾ ਰਿਹਾ ਹੈ ਕਿ ਇਹ ਵਿਅਕਤੀਗਤ ਵਰਤੋਂ ਲਈ ਜਾਂ ਕੰਮ ਵਾਲੀ ਥਾਂ ਤੋਂ ਬਾਹਰ ਵਰਤਣ ਲਈ ਉਦੋਂ ਤਕ ਉਚਿਤ ਨਹੀਂ ਹੈ ,ਜਦੋਂ ਤੱਕ ਅਜਿਹਾ ਕਰਨ ਦੀ ਪਹਿਲਾਂ ਤੋਂ ਆਗਿਆ ਮੰਗੀ ਨਹੀਂ ਜਾਂਦੀ ਜਾਂ ਨਿਯਮ ਦੇ ਉਲਟ ਵਰਤੋਂ ਲਈ ਕੋਈ ਖਾਸ ਕਾਰਨ ਦੱਸਿਆ ਗਿਆ ਹੋਏ।

ਹੋਰ ਸਪਸ਼ਟ ਰੂਪ ਵਿਚ Fluidra ,ਦੀਆਂ ਆਈਟੀ ਪ੍ਰਣਾਲੀਆਂ ਦੀ ਵਰਤੋਂ ਕਾਰਪੋਰੇਟ ਇੰਟਰਾਨੇਟ ਤੇ ਪੋਸਟ ਕੀਤੇ ਗਏ ਨਿਯਮਾਂ ਦੇ ਅਨੁਸਾਰ ਹੋਣੀ ਚਾਹੀਦੀ ਹੈ।

Fluidraਨੇ ICTs ਦੀ ਇਸ ਤਰ੍ਹਾਂ ਦੀ ਵਰਤੋਂ ਨਾਲ ਪੈਦਾ ਹੋਣ ਵਾਲੇ ਕਿਸੇ ਵੀ ਜੋਖਮ ਨੂੰ ਰੋਕਣ ਅਤੇ ਨਿਯੰਤਰਣ ਦਾ ਕੰਮ ਕਰਦੀ ਹੈ ,ਜਿਵੇਂ ਕਿ:

- ਪ੍ਰਤੀਯੋਗੀਆਂ ,ਗਾਹਕਾਂ ,ਜਾਂ ਕਿਸੇ ਹੋਰ ਜਨਤਕ ਜਾਂ ਪ੍ਰਾਈਵੇਟ ਕੰਪਨੀ ਜਾਂ ਸੰਸਥਾ ਦੀਆਂ ਆਈਟੀ

ਪ੍ਰਣਾਲੀਆਂ ਤੱਕ ਅਣਅਧਿਕਾਰਤ ਪਹੁੰਚ;

- ਕੰਪਿਊਟਰ ਵਾਇਰਸਾਂ ਜਾਂ ਪ੍ਰੋਗਰਾਮਾਂ ਦਾ ਫੈਲਣਾ ਜੋ ਕਿ ਭੌਤਿਕ ਜਾਂ ਅਭੌਤਿਕ ਜਾਇਦਾਦਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ;
- ਆਨਲਾਈਨ ਘੁਟਾਲਿਆਂ ਦੀ ਸਥਾਪਨਾ (ਫਿਸ਼ਿੰਗ ਅਤੇ ਫਾਰਮਿੰਗ ਸਮੇਤ);
- ਇੰਟਰਨੈੱਟ ਜਾਂ ਸੋਸ਼ਲ ਮੀਡੀਆ ਰਾਹੀਂ ਅਫਵਾਹਾਂ ,ਅਲੋਚਨਾ ਜਾਂ ਬਾਈਕਾਟ ਦਾ ਪ੍ਰਸਾਰ;
- ਗੁੰਮਰਾਹ ਕਰਨ ਵਾਲੀਆਂ ਇਸ਼ਤਿਹਾਰ ਮੁਹਿੰਮਾਂ ਜਾਂ ਵਿਗਿਆਪਨ ਚਲਾਉਣੇ;
- ਤਕਨੀਕੀ ਅਸਾਸਿਆਂ ਦੀ ਬੌਧਿਕ ਜਾਂ ਉਦਯੋਗਿਕ ਸੰਪਤੀ ਦੀ ਉਲੰਘਣਾ ਅਤੇ ਉਦਯੋਗਿਕ ਜਾਸੂਸੀ;
- ਅਤੇ ਇੰਟਰਨੈਟ ਤੇ ਵਪਾਰ ਦੇ ਭੇਤਾਂ ਦਾ ਖੁਲਾਸਾ ਕਰਨਾ।

Fluidraਦੇ ਮੈਂਬਰਾਂ ਨੂੰ ਉਨ੍ਹਾਂ ਉਪਕਰਣਾਂ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਜੋ Fluidra ਉਨ੍ਹਾਂ ਨੂੰ ਆਪਣਾ ਕੰਮ ਕਰਨ ਲਈ ਦਿੰਦਾ ਹੈ।

- **ਕਾਰੋਬਾਰ ਵਿੱਚ ਪਾਰਦਰਸ਼ਤਾ ਅਤੇ ਮਨੀ ਲਾਂਡਰਿੰਗ (ਹਵਾਲਾ ਦੇ ਪੈਸੇ) ਦੀ ਰੋਕਥਾਮ**

ਸਾਰੇ Fluidra ਮੈਂਬਰਾਂ ਨੂੰ ਭ੍ਰਿਸ਼ਟਾਚਾਰ ਅਤੇ ਵਿੱਤੀ ਅਪਰਾਧਾਂ ਦੇ ਨਾਲ-ਨਾਲ ਤੀਜੇ ਧਿਰ ਦੇ ਅਧਿਕਾਰਾਂ ਵਿਰੁੱਧ ਕਿਸੇ ਵੀ ਹੋਰ ਅਪਰਾਧਾਂ ਨੂੰ ਰੋਕਣ ਅਤੇ ਖਤਮ ਕਰਨ ਲਈ ਅੰਤਰਰਾਸ਼ਟਰੀ ਅਤੇ ਸਥਾਨਕ ਯਤਨਾਂ ਦਾ ਸਮਰਥਨ ਕਰਨ ਲਈ ਵਚਨਬੱਧਤਾ ਜ਼ਰੂਰੀ ਹੈ।

Fluidraਮੈਂਬਰ ਇਹ ਵਚਨ ਦਿੰਦੇ ਹਨ ਕਿ Fluidra ਦੇ ਕਾਰੋਬਾਰ ਦੇ ਦਾਇਰੇ ਤੋਂ ਬਾਹਰ ਰਾਜਨੀਤਿਕ ਪਾਰਟੀਆਂ , ਸੰਸਥਾਵਾਂ ,ਜਨਤਕ ਸੰਸਥਾਵਾਂ ਜਾਂ ਇਕਾਈਆਂ ਦੇ ਨਾਲ ਕਿਸੇ ਵੀ ਕਿਸਮ ਦੀ ਸ਼ਮੂਲੀਅਤ ਜਾਂ ਸਹਿਯੋਗ ਨੂੰ ਪੂਰੀ ਤਰ੍ਹਾਂ ਨਿੱਜੀ ਤਰੀਕੇ ਨਾਲ ਕੀਤਾ ਜਾਵੇਗਾ ਅਤੇ Fluidra ਨੂੰ ਸ਼ਾਮਲ ਨਹੀਂ ਕੀਤਾ ਜਾਵੇਗਾ।

ਕਿਸੇ ਵੀ Fluidra ਮੈਂਬਰ ਦੁਆਰਾ ਕਿਸੇ ਵੀ ਸਥਿਤੀ ਵਿੱਚ ਨਕਦ ਤੋਹਫ਼ੇ ਸਵੀਕਾਰ ਨਹੀਂ ਕੀਤੇ ਜਾ ਸਕਦੇ ਹਨ।

ਨਾ ਤਾਂ Fluidra ਅਤੇ ਨਾ ਹੀ ਇਸ ਦਾ ਕੋਈ ਕਰਮਚਾਰੀ ਸਿੱਧੇ ਜਾਂ ਅਸਿੱਧੇ ਤੌਰ ਤੇ ਮਨੀ ਲਾਂਡਰਿੰਗ) ਹਵਾਲਾ ਦੇ ਪੈਸੇ ( ਨਾਲ ਜੁੜੀਆਂ ਗਤੀਵਿਧੀਆਂ ਕਰ ਸਕਦਾ ਹੈ ਜਾਂ ਇਨ੍ਹਾਂ ਵਿੱਚ ਸ਼ਾਮਲ ਹੋ ਸਕਦਾ ਹੈ। Fluidra ਕਿਸੇ ਵੀ ਸਮਰੱਥ ਅਧਿਕਾਰ ਖੇਤਰ ਵਿੱਚ ਲਾਗੂ ਮਨੀ ਲਾਂਡਰਿੰਗ) ਹਵਾਲਾ ਦੇ ਪੈਸੇ (ਵਿਰੁੱਧ ਕਾਨੂੰਨਾਂ ਦੀ ਪਾਲਣਾ ਕਰੇਗੀ ਅਤੇ ਮਨੀ ਲਾਂਡਰਿੰਗ) ਹਵਾਲਾ ਦੇ ਪੈਸੇ (ਜਾਂ ਗੈਰਕਾਨੂੰਨੀ ਗਤੀਵਿਧੀਆਂ ਨੂੰ ਵਿੱਤ ਪ੍ਰਦਾਨ ਕਰਨ ਨਾਲ ਨਜਿੱਠਣ ਲਈ ਜ਼ਿੰਮੇਵਾਰ ਅਧਿਕਾਰੀਆਂ ਨਾਲ ਪੂਰੀ ਤਰ੍ਹਾਂ ਸਹਿਯੋਗ ਕਰੇਗੀ।

Fluidraਦੇ ਸਾਰੇ ਮੈਂਬਰਾਂ ਦੁਆਰਾ ਉਸ ਕਿਸੇ ਵੀ ਗਾਹਕ ਜਾਂ ਸਪਲਾਇਰ ਨੂੰ ਉਜਾਗਰ ਕਰਨ ਲਈ ਹਰ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ ਜੋ ਮਨੀ ਲਾਂਡਰਿੰਗ) ਹਵਾਲਾ ਦੇ ਪੈਸੇ (ਦੀਆਂ ਕਾਰਵਾਈਆਂ ਕਰਨ ਲਈ Fluidra ਦੇ ਸੰਗਠਨਾਤਮਕ ਢਾਂਚੇ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰਦਾ ਹੈ।

ਜਿੱਥੋਂ ਤਕ ਸੰਭਵ ਹੋਵੇ Fluidra ,ਦੁਆਰਾ ਕੋਈ ਨਕਦ ਅਦਾਇਗੀ ਨਹੀਂ ਕੀਤੀ ਜਾਣੀ ਚਾਹੀਦੀ ਹੈ। ਕਿਸੇ ਵੀ ਨਕਦ ਅਦਾਇਗੀ ਦੇ ਵਿਸਤ੍ਰਿਤ ਰਿਕਾਰਡ ਲਾਜ਼ਮੀ ਤੌਰ ਤੇ ਰੱਖਣੇ ਚਾਹੀਦੇ ਹਨ। ਇਨ੍ਹਾਂ ਰਿਕਾਰਡਾਂ ਵਿੱਚ ,ਭੁਗਤਾਨ ਕੀਤੀ ਰਕਮ ,ਕਵਰ ਕੀਤੀਆਂ ਚੀਜ਼ਾਂ ,ਭੁਗਤਾਨ ਦੀ ਤਾਰੀਖ ਅਤੇ ਪ੍ਰਾਪਤਕਰਤਾ ਦੇ ਬਿਓਰੇ ਸ਼ਾਮਲ ਕਰਨੇ ਜ਼ਰੂਰੀ ਹਨ।

ਕਿਸੇ ਵੀ ਸਥਿਤੀ ਵਿੱਚ ,ਉਹ ਵਿਅਕਤੀ ਜੋ ਸੰਬੰਧਿਤ ਚਲਾਨ ਤੇ ਦਿਖਾਈ ਦਿੰਦੇ ਹਨ ,ਤੋਂ ਇਲਾਵਾ ਕਾਨੂੰਨੀ ਵਿਅਕਤੀਆਂ ਜਾਂ ਸੰਸਥਾਵਾਂ ਨੂੰ ਭੁਗਤਾਨ ਨਹੀਂ ਕੀਤਾ ਜਾ ਸਕਦਾ ਹੈ ਜਾਂ ਉਗਰਾਹੀ ਨਹੀਂ ਕੀਤੀ ਜਾ ਸਕਦੀ ਹੈ।

ਜੋਖਮ ਦੀ ਕਿਸੇ ਵੀ ਸ਼ੱਕੀ ਸਥਿਤੀ ਨੂੰ ਇਸ ਮਕਸਦ ਲਈ ਸਥਾਪਤ ਕੀਤੇ ਚੈਨਲਾਂ ਦੁਆਰਾ ਤੁਰੰਤ ਕਿਸੇ ਉੱਚ ਅਧਿਕਾਰੀ ਕੋਲ ਜਾਂ ਨੈਤਿਕ ਕਮੇਟੀ ਨੂੰ ਸੂਚਿਤ ਕਰਨਾ ਲਾਜ਼ਮੀ ਹੈ।

- **ਸਹੀ ਪ੍ਰਤਿਯੋਗਿਤਾ ਦੇ ਨਿਯਮ**

Fluidraਨਿਰਪੱਖ ਮੁਕਾਬਲੇਬਾਜ਼ੀ ਅਤੇ ਬਰਾਬਰ ਵਪਾਰਕ ਮੌਕਿਆਂ ਦੇ ਸਿਧਾਂਤਾਂ ਦੇ ਅਧਾਰ ਤੇ ਮਾਰਕੀਟ ਵਿੱਚ ਆਪਣਾ

ਕਾਰੋਬਾਰ ਕਰਦੀ ਹੈ ,ਜਿਸ ਦੇ ਨਾਲ ਇਹ ਮਾਰਕੀਟ ਵਿੱਚ ਗਾਹਕਾਂ ,ਸਪਲਾਇਰਾਂ ,ਪ੍ਰਤੀਯੋਗੀਆਂ ਅਤੇ ਹੋਰ ਹਿੱਸੇਦਾਰਾਂ ਦੇ ਮੁਕਾਬਲੇ ਇੱਕ ਅਣਉਚਿਤ ਜਾਂ ਗ਼ੈਰਕਾਨੂੰਨੀ ਲਾਭ ,ਮੁਕਾਬਲੇਬਾਜ਼ੀ ਵਿਚ ਲਾਭ ਜਾਂ ਫਾਇਦਾ ਪ੍ਰਾਪਤ ਕਰਨ ਦੇ ਉਦੇਸ਼ ਨਾਲ ਕੀਤੇ ਕਿਸੇ ਵੀ ਸੌਦੇ ਨੂੰ ਰੱਦ ਕਰਦੀ ਹੈ।

ਸਾਰੇ Fluidra ਮੈਂਬਰ ਉਨ੍ਹਾਂ ਗੈਰਕਾਨੂੰਨੀ ਸਮਝੌਤਿਆਂ ਵਿੱਚ ਹਿੱਸਾ ਨਾ ਲੈਣ ਦਾ ਵਾਅਦਾ ਕਰਦੇ ਹਨ ਜੋ ਕਿ ਉਨ੍ਹਾਂ ਮਾਰਕੀਟਾਂ ਦੀ ਆਜ਼ਾਦੀ ਨੂੰ ਸੀਮਤ ਕਰ ਸਕਦੇ ਹਨ ਜਿਸ ਵਿੱਚ ਇਹ ਕੰਮ ਕਰਦੀ ਹੈ।

ਇਸ ਲਈ ਹੇਠ ਲਿਖਿਆਂ ਵਿੱਚ ਸ਼ਾਮਲ ਹੋਣ ਨੂੰ ਅਨੈਤਿਕ ਮੰਨਿਆ ਜਾਵੇਗਾ ਅਤੇ ਇਸਦੀ ਸਖਤ ਮਨਾਹੀ ਹੈ:

- ਦੂਜੇ ਕਾਰੋਬਾਰਾਂ ਦੀ ਗੁਪਤ ਜਾਣਕਾਰੀ ਤੱਕ ਅਣਅਧਿਕਾਰਤ ਪਹੁੰਚ;
- ਉਦਯੋਗਿਕ ਜਾਸੂਸੀ;
- ਵਪਾਰ ਦੇ ਭੇਤਾਂ ਦਾ ਖੁਲਾਸਾ;
- ਕਿਸੇ ਵੀ ਕਿਸਮ ਦੇ ਲੈਣਦੇਣ ਜਾਂ ਕਾਰੋਬਾਰੀ ਸੌਦੇ ਲਈ ਕੰਪਨੀ ਜਾਂ ਤੀਜੀ ਧਿਰ ਦੀ ਅੰਦਰੂਨੀ ਜਾਣਕਾਰੀ ਦੀ ਵਰਤੋਂ;
- ਉਤਪਾਦਾਂ ,ਸੇਵਾਵਾਂ ਅਤੇ ਮਾਰਕੀਟ ਦੀਆਂ ਸਥਿਤੀਆਂ ਬਾਰੇ ਝੂਠੀਆਂ ਅਫਵਾਹਾਂ ਫੈਲਾਉਣਾ;
- ਤੀਜੀ ਧਿਰ ਦੇ ਉਤਪਾਦਾਂ ਤੇ ਜਾਂ ਕੰਪਨੀ ਦੀ ਸੂਚੀਬੱਧ ਸ਼ੇਅਰ ਕੀਮਤ ਤੇ ਕੀਮਤ ਨਿਰਧਾਰਣ ਯੋਜਨਾਵਾਂ;
- ਅਤੇ ਜਨਤਕ ਖਰੀਦ ਪ੍ਰਕਿਰਿਆਵਾਂ ਵਿੱਚ ਦਖਲ।

Fluidra ਆਪਣੇ ਪ੍ਰਤੀਯੋਗੀ ਦਾ ਆਦਰ ਕਰਦੀ ਹੈ ਅਤੇ ਉਸ ਕਿਸੇ ਮਾਮਲੇ ਦਾ ਤੇ ਕਾਰਵਾਈ ਕਰੇਗੀ ਜੋ ਨਿਰਪੱਖ ਮੁਕਾਬਲੇ ਦੇ ਨਿਯਮਾਂ ਦੀ ਉਲੰਘਣਾ ਕਰਦੀ ਹੈ। ਉਪਰੋਕਤ ਗਤੀਵਿਧੀਆਂ ਪ੍ਰਤੀਯੋਗਿਤਾ ਵਿਰੋਧੀ ਅਭਿਆਸਾਂ ਦਾ ਗਠਨ ਕਰਦੀਆਂ ਹਨ ਅਤੇ ਇਸ ਲਈ ਇਸ ਤੋਂ ਪਰਹੇਜ਼ ਕੀਤਾ ਜਾਣਾ ਚਾਹੀਦਾ ਹੈ।

ਜੇ ਇਸ ਵਿੱਚ ਕੋਈ ਸ਼ੰਕਾਵਾਂ ਹਨ ,ਤਾਂ ਸਲਾਹ ਲਈ ਬੇਨਤੀ ਕਰਨ ਲਈ ,ਸਾਨੂੰ ਇਸ ਉਦੇਸ਼ ਲਈ ਬਣਾਏ ਗਏ ਚੈਨਲਾਂ ਦੁਆਰਾ ਕਿਸੇ ਉੱਚ ਅਧਿਕਾਰੀ ਜਾਂ ਨੈਤਿਕ ਕਮੇਟੀ ਨਾਲ ਸੰਪਰਕ ਕਰਨਾ ਚਾਹੀਦਾ ਹੈ।

### - ਪਾਬੰਧੀਆਂ ਲਈ ਨਿਯਮ

Fluidraਉਨ੍ਹਾਂ ਸਾਰੇ ਦੇਸ਼ਾਂ ਦੇ ਵਪਾਰ ,ਆਯਾਤ ਅਤੇ ਨਿਰਯਾਤ ਨਿਯੰਤਰਣ ਕਾਨੂੰਨਾਂ ਦਾ ਸਨਮਾਨ ਕਰਦੀ ਹੈ ਜਿਥੇ ਇਹ ਕੰਮ ਕਰਦੀ ਹੈ।

ਇਸ ਨਤੀਜੇ ਲਈ ,Fluidra ,ਯੂਰਪੀਅਨ ਯੂਨੀਅਨ ਅਤੇ ਸੰਯੁਕਤ ਰਾਸ਼ਟਰ ਤੋਂ ,ਅਤੇ ਨਾਲ ਹੀ ਸੰਯੁਕਤ ਰਾਜ ਅਮਰੀਕਾ ਦੀ ਸਰਕਾਰ ਦੁਆਰਾ ਪਾਬੰਦੀਆਂ ਤੇ ਲਾਗੂ ਨਿਯਮਾਂ ਦੀ ਪਾਲਣਾ ਕਰਦੀ ਹੈ।

### - ਭ੍ਰਿਸ਼ਟਾਚਾਰ ਵਿਰੋਧੀ ਅਤੇ ਰਿਸ਼ਵਤਖੋਰੀ ਸਬੰਧੀ ਨਿਯਮ

Fluidraਆਪਣੇ ਸਬੰਧਾਂ ਨੂੰ ਜਨਤਕ ਜਾਂ ਨਿੱਜੀ ਖੇਤਰਾਂ ਨਾਲ ,ਦੇਸ਼-ਵਿਦੇਸ਼ ਦੋਵਾਂ ਵਿੱਚ ਪਾਰਦਰਸ਼ਿਤਾ ਅਤੇ ਬਰਾਬਰ ਕਾਰੋਬਾਰੀ ਮੌਕਿਆਂ ਦੇ ਸਿਧਾਂਤਾਂ ਤੇ ਅਧਾਰਤ ਕਰਦੀ ਹੈ ,ਜਿਸ ਦੇ ਨਾਲ ਇਹ ਮਾਰਕੀਟ ਵਿੱਚ ਗਾਹਕਾਂ ,ਜਾਂ ਜਨਤਕ ਜਾਂ ਨਿੱਜੀ ਬੋਲੀਆਂ) ਬਿਡਜ਼ (ਵਿੱਚ ਗ਼ੈਰ-ਕਾਨੂੰਨੀ ਲਾਭ ਲੈਣ ਦੇ ਉਦੇਸ਼ ਨਾਲ ਕਿਸੇ ਵੀ ਗੈਰਕਾਨੂੰਨੀ ਸੌਦੇ ਨੂੰ ਰੱਦ ਕਰਦੀ ਹੈ , ਅਤੇ ਇਸ ਉਦੇਸ਼ ਲਈ ਇਸਦੀ ਇੱਕ ਭ੍ਰਿਸ਼ਟਾਚਾਰ ਵਿਰੋਧੀ ਨੀਤੀ ਹੈ ਜੋ ਇਸ ਨੈਤਿਕਤਾ ਦੇ ਨਿਯਮਾਂ ਦੇ ਸਿਧਾਂਤ ਤੇ ਅਧਾਰਿਤ ਹੈ।

ਕੋਈ ਵੀ Fluidra ਮੈਂਬਰ ,ਆਪਣੀਆਂ ਵਪਾਰਕ ਗਤੀਵਿਧੀਆਂ ਦੇ ਪ੍ਰਸੰਗ ਵਿਚ ,ਜਨਤਕ ਅਫਸਰਾਂ ਜਾਂ ਨਿੱਜੀ ਵਿਅਕਤੀਆਂ ਨੂੰ ਰਿਸ਼ਵਤ ਦੇਣ ਲਈ ,ਸਿੱਧੇ ਜਾਂ ਅਸਿੱਧੇ ਤੌਰ ਤੇ ,ਤੋਹਫ਼ਿਆਂ ,ਭੁਗਤਾਨਾਂ ,ਕਮਿਸ਼ਨਾਂ ,ਪੱਖਪਾਤ ਜਾਂ ਕੋਈ ਹੋਰ ਲਾਭ ,ਜੋ ਅਧਿਕਾਰਤ ਨਹੀਂ ਕੀਤਾ ਗਿਆ ਹੈ ,ਦੀ ਪੇਸ਼ਕਸ਼ ਨਹੀਂ ਦੇ ਸਕਦਾ ਜਾਂ ਦੇ ਨਹੀ ਸਕਦਾ ਹੈ ,ਭਾਵੇਂ ਉਹ ਨਕਦ ਰੂਪ ਵਿੱਚ ਹੋਵੇ ਜਾਂ ਕਿਸੇ ਹੋਰ ਰੂਪ ਵਿੱਚ ,ਅਤੇ ਨਾ ਹੀ ਕਰਮਚਾਰੀ ਕਿਸੇ ਤੀਜੀ ਧਿਰ ਤੋਂ ਜਾਂ ਕਿਸੇ ਤੀਜੀ ਧਿਰ ਦੀਆਂ ਸੇਵਾਵਾਂ ਰਾਹੀਂ ਪੇਸ਼ਕਸ਼ਾਂ ਸਵੀਕਾਰ ਕਰਕੇ ਪ੍ਰਭਾਵ ਨਹੀਂ ਪਾ ਸਕਦੇ ਹਨ।

ਕੋਈ ਵੀ Fluidra ਮੈਂਬਰ ,ਕੰਪਨੀ ਵਿੱਚ ਆਪਣੀ ਸਥਿਤੀ ਦੀ ਵਰਤੋਂ ਤੀਜੀ ਧਿਰਾਂ (ਹੋਰਾਂ ਵਿਚ ਸ਼ਾਮਲ ਹਨ ,ਗਾਹਕ , ਸਪਲਾਇਰਾਂ ਜਾਂ ਸਰਕਾਰ ਦੁਆਰਾ) ਤੋਂ ਤਰਜੀਹੀ ਵਿਹਾਰ ,ਲਾਭ ,ਕਰਜ਼ੇ ,ਫ਼ੀਸਾਂ ਜਾਂ ਰਿਸ਼ਵਤ ਦੀ ਮੰਗ ,ਸਵੀਕਾਰ ਕਰਨ , ਸੁਰੱਖਿਅਤ ਕਰਨ ਜਾਂ ਪ੍ਰਾਪਤ ਕਰਨ ਲਈ ਨਹੀਂ ਕਰ ਸਕਦਾ ਹੈ। ਇਸ ਨਿਯਮ ਦੇ ਅਪਵਾਦ ਵਜੋਂ ,ਤੋਹਫੇ ਦੇਣ ਅਤੇ ਪ੍ਰਾਪਤ ਕਰਨ ਦੀ ਆਗਿਆ ਹੋਵੇਗੀ ਜੇ ਹੇਠ ਲਿਖੀਆਂ ਤਿੰਨ ਸ਼ਰਤਾਂ ਪੂਰੀਆਂ ਹੁੰਦੀਆਂ ਹਨ:

a. ਉਹ ਬਹੁਤ ਘੱਟ ਵਿੱਤੀ ਮੁੱਲ ਦੇ ਹੁੰਦੇ ਹਨ;
b. ਉਹ ਕਾਰੋਬਾਰ ਵਿੱਚ ਪ੍ਰਸ਼ੰਸਾ ਦੇ ਪ੍ਰਚਲਿਤ ਚਿੰਨ੍ਹ ਹਨ;
c. ਉਹ ਕਾਨੂੰਨ ਦੁਆਰਾ ਵਰਜਿਤ ਨਹੀਂ ਹਨ ਜਾਂ ਆਮ ਤੌਰ ਤੇ ਸਵੀਕਾਰੇ ਜਾਣ ਵਾਲੇ ਵਪਾਰਕ ਅਭਿਆਸ ਹਨ;

ਕਿਸੇ ਵੀ ਮੌਕੇ ਤੇ ,ਉਪਹਾਰ ਜਾਂ ਮਨੋਰੰਜਨ ਸਵੀਕਾਰ ਕਰਨ ਜਾਂ ਪੇਸ਼ ਕਰਨ ਤੋਂ ਪਹਿਲਾਂ ,ਹੇਠਾਂ ਦਿੱਤੇ ਪ੍ਰਸ਼ਨ ਪੁੱਛਣੇ ਮਹੱਤਵਪੂਰਨ ਹੁੰਦੇ ਹਨ:

- ਕੀ ਮੈਂ Fluidra ਅਤੇ ਨਿਯਤ ਪ੍ਰਾਪਤਕਰਤਾ ਦੀਆਂ ਨੀਤੀਆਂ ਪਾਲਣਾ ਕਰ ਰਿਹਾ/ਰਹੀ ਹਾਂ?
- ਕੀ ਰਕਮ ਉਚਿਤ ਹੈ ਅਤੇ ਉਸ ਦਾਇਰੇ ਵਿੱਚ ਹੈ ਜਿਸ ਨੂੰ ਆਮ ਮੰਨਿਆ ਜਾ ਸਕਦਾ ਹੈ?
- ਜੇ ਇਹ ਮੀਡੀਆ ਵਿੱਚ ਪ੍ਰਕਾਸ਼ਤ ਹੋਇਆ ਹੁੰਦਾ ਤਾਂ ਕੀ ਇਹ ਮੈਨੂੰ ਜਾਂ Fluidra ਨੂੰ ਸੰਕਟ ਵਿਚ ਪਾਉਣ ਵਾਲਾ ਹੋਣਾ ਸੀ?

ਜੇ ਇਸ ਵਿੱਚ ਕੋਈ ਸ਼ੰਕਾਵਾਂ ਹਨ ,ਤਾਂ ਸਲਾਹ ਲਈ ਬੇਨਤੀ ਕਰਨ ਲਈ ,ਸਾਨੂੰ ਇਸ ਉਦੇਸ਼ ਲਈ ਬਣਾਏ ਗਏ ਚੈਨਲਾਂ ਦੁਆਰਾ ਕਿਸੇ ਉੱਚ ਅਧਿਕਾਰੀ ਜਾਂ ਨੈਤਿਕ ਕਮੇਟੀ ਨਾਲ ਸੰਪਰਕ ਕਰਨਾ ਚਾਹੀਦਾ ਹੈ।

- **ਹਿੱਤਾਂ ਦੇ ਟਕਰਾਅ ਦੇ ਨਿਯਮ**

Fluidra ਇਹ ਸੁਨਿਸ਼ਚਿਤ ਕਰਨ ਲਈ ਸਾਰੇ ਮੈਂਬਰਾਂ ਦੀ ਨਿਗਰਾਨੀ ਕਰੇਗਾ ਕਿ ਉਹ ਉਨ੍ਹਾਂ ਹਿੱਤਾਂ ਦੇ ਟਕਰਾਅ ਜਾਂ ਕੰਮਾਂ ਵਿੱਚ ਸ਼ਾਮਲ ਨਾ ਹੋਣ ਜੋ ਉਨ੍ਹਾਂ ਦੀ ਕਾਰੋਬਾਰੀ ਸੌਦਿਆਂ ਵਿੱਚ ਕੰਪਨੀ ਪ੍ਰਤੀ ਵਫ਼ਾਦਾਰੀ ਦੇ ਵਿਰੁੱਧ ਜਾਂਦੇ ਹਨ।

ਹਿੱਤਾਂ ਦਾ ਟਕਰਾਅ ਉਸ ਕਿਸੇ ਵੀ ਸਥਿਤੀ ਨੂੰ ਮੰਨਿਆ ਜਾਂਦਾ ਹੈ ਜਿਸ ਵਿੱਚ ਕੋਈ ਕਾਰਪੋਰੇਟ ਕਾਰਵਾਈ ਜਾਂ ਫੈਸਲਾ , Fluidraਵਿੱਚ ਕਿਸੇ ਵੀ ਕੰਪਨੀ ਵਿੱਚਲੇ ਕਿਸੇ ਵਿਅਕਤੀ ਜਾਂ ਵਿਅਕਤੀਆਂ ਜਾਂ ਤੀਜੀ ਧਿਰ ਦੇ ਨਿੱਜੀ ਹਿੱਤਾਂ ,ਜਿਨ੍ਹਾਂ ਦੇ ਨਾਲ ਉਨ੍ਹਾਂ ਦਾ ਨਿੱਜੀ ਸੰਬੰਧ ਹੋ ਸਕਦਾ ਹੈ ,ਦੁਆਰਾ ਪ੍ਰਭਾਵਿਤ ਹੋ ਸਕਦਾ ਹੈ।

ਹਰੇਕ ਮੈਂਬਰ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਪਣੇ ਚੰਗੇ ਨਿਰਣੇ ਨੂੰ ਲਾਗੂ ਕਰਨ ਅਤੇ ਅਜਿਹੀਆਂ ਸਥਿਤੀਆਂ ਤੋਂ ਬਚਣ ਜੋ ਇੱਕ ਟਕਰਾਅ ਵਜੋਂ ਵੀ ਵਿਖਾਈ ਦੇ ਸਕਦੀਆਂ ਹਨ ,ਜੋ ਸ਼ਾਇਦ Fluidra ਵਿੱਚ ਹੋਰ ਲੋਕਾਂ ਦੇ ਭਰੋਸੇ ਨੂੰ ਪ੍ਰਭਾਵਤ ਕਰ ਸਕਦੀਆਂ ਹਨ ਅਤੇ ਇਸ ਦੀ ਸਾਖ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ।

ਜੇ ਇਸ ਵਿੱਚ ਕੋਈ ਸ਼ੰਕਾਵਾਂ ਹਨ ,ਤਾਂ ਸਲਾਹ ਲਈ ਬੇਨਤੀ ਕਰਨ ਲਈ ,ਸਾਨੂੰ ਇਸ ਉਦੇਸ਼ ਲਈ ਬਣਾਏ ਗਏ ਚੈਨਲਾਂ ਦੁਆਰਾ ਕਿਸੇ ਉੱਚ ਅਧਿਕਾਰੀ ਜਾਂ ਨੈਤਿਕ ਕਮੇਟੀ ਨਾਲ ਸੰਪਰਕ ਕਰਨਾ ਚਾਹੀਦਾ ਹੈ।

- **ਬੌਧਿਕ ਅਤੇ ਉਦਯੋਗਿਕ ਜਾਇਦਾਦ ਸਬੰਧੀ ਨਿਯਮ**

Fluidra ਆਪਣੀ ਨੀਤੀ ਦਾ ਅਧਾਰ ,ਅਪ੍ਰਤੱਖ ਜਾਇਦਾਦਾਂ (ਬ੍ਰਾਂਡ ,ਪੇਟੈਂਟਸ ,ਉਦਯੋਗਿਕ ਡਿਜ਼ਾਈਨ ,ਡੋਮੇਨ ਨਾਮ ਅਤੇ ਉਦਯੋਗਿਕ ਜਾਇਦਾਦ ਦੇ ਅਧਿਕਾਰਾਂ ਦੁਆਰਾ ਸੁਰੱਖਿਅਤ ਹੋਰ ਸੰਪਤੀਆਂ) ਬਣਾਉਣ ਤੇ ,ਆਪਣੀ ਰਚਨਾਤਮਕਤਾ ਅਤੇ

FLUIDRA

ਨਵੀਨਤਾ ਨੂੰ ਉਤਸ਼ਾਹਿਤ ਕਰਨ ਤੇ ਰੱਖਦੀ ਹੈ ,ਅਤੇ ਇਸ ਦੇ ਆਪਣੇ ਅਤੇ ਤੀਜੀਆਂ ਧਿਰਾਂ ਦੇ ਉਦਯੋਗਿਕ ਅਤੇ ਬੌਧਿਕ ਜਾਇਦਾਦ ਦੇ ਅਧਿਕਾਰਾਂ ਦੇ ਸਨਮਾਨ ਕਰਨ ਤੇ ਰੱਖਦੀ ਹੈ।

Fluidra ਦੇ ਮੈਂਬਰਾਂ ਨੂੰ ਇਸ ਦੀ ਉਦਯੋਗਿਕ ਅਤੇ ਬੌਧਿਕ ਜਾਇਦਾਦ ਅਤੇ ਨਾਲ ਹੀ ਤਕਨੀਕੀ ਜਾਣਕਾਰੀ ਦਾ ਸਨਮਾਨ ਕਰਨਾ ਚਾਹੀਦਾ ਹੈ ,ਆਮ ਤੌਰ ਤੇ Fluidra ,ਦੁਆਰਾ ਬਣਾਇਆ ਜਾਂ ਵਿਕਸਿਤ ਕੀਤਾ ਗਿਆ ਕੋਈ ਕੰਮ ,ਚਾਹੇ ਇਸ ਦੇ ਕਾਰੋਬਾਰੀ ਅਭਿਆਸਾਂ ਦੇ ਨਤੀਜੇ ਵਜੋਂ ਜਾਂ ਤੀਜੀਆਂ ਧਿਰਾਂ ਵੱਲੋਂ ਹੋਵੇ ,ਦਾ ਸਨਮਾਨ ਕਰਨਾ ਚਾਹੀਦਾ ਹੈ।

ਇਸ ਤੋਂ ਇਲਾਵਾ ,ਤੀਜੀ-ਧਿਰ ਦੇ ਅਧਿਕਾਰਾਂ ਦੀ ਕਿਸੇ ਵੀ ਸੰਭਾਵਿਤ ਉਲੰਘਣਾ ਤੋਂ ਬਚਣ ਲਈ Fluidra ,ਨੇ ਬਹੁਤ ਸਾਰੀਆਂ ਅੰਦਰੂਨੀ ਪ੍ਰਕਿਰਿਆਵਾਂ ਨੂੰ ਪਰਿਭਾਸ਼ਿਤ ਅਤੇ ਲਾਗੂ ਕੀਤਾ ਹੈ ,ਨਵੇਂ ਉਤਪਾਦਾਂ ਦੇ ਵਿਕਾਸ ਅਤੇ ਸ਼ੁਰੂਆਤ ਜਿਸਦੇ ਅਧੀਨ ਹਨ ,ਜਿਨ੍ਹਾਂ ਦੀ Fluidra ਵਿਚਲੀਆਂ ਸਾਰੀਆਂ ਕੰਪਨੀਆਂ ਨੂੰ ਪਾਲਣਾ ਕਰਨੀ ਚਾਹੀਦੀ ਹੈ।

ਅਧਿਕਾਰ ਧਾਰਕ ਦੀ ਲੋੜੀਂਦੀ ਪੇਸ਼ਗੀ ਲਿਖਤੀ ਸਹਿਮਤੀ ,ਜਾਂ ਇਸ ਨੂੰ ਪਰਿਭਾਸ਼ਿਤ ਸ਼ਰਤਾਂ ਅਧੀਨ ਪ੍ਰਦਾਨ ਕਰਨ ਵਾਲੇ ਅਧਿਕਾਰਤ ਵਿਅਕਤੀ ਦੀ ਸਹਿਮਤੀ ਤੋਂ ਬਿਨਾਂ ,ਤੀਜੀ ਧਿਰ ਦੀ ਪ੍ਰਤੱਖ ਜਾਇਦਾਦ ਦੀ ਪੂਰੇ ਜਾਂ ਅੰਸ਼ਕ ਤੌਰ ਤੇ ਨਕਲ ਨਹੀਂ ਕੀਤੀ ਜਾ ਸਕਦੀ ਹੈ ਜਾਂ ਮੁੜ ਬਣਾਇਆ ਨਹੀਂ ਜਾ ਸਕਦਾ ਹੈ ,ਅਤੇ ਨਾ ਹੀ ਅਜਿਹੀਆਂ ਸੰਪਤੀਆਂ ਨੂੰ ਆਯਾਤ ਕੀਤਾ ਜਾਂ ਵੰਡਿਆ ਜਾ ਸਕਦਾ ਹੈ।

ਉਦਯੋਗਿਕ ਜਾਇਦਾਦ ਦੇ ਅਧਿਕਾਰਾਂ ਦੁਆਰਾ ਸੁਰੱਖਿਅਤ ਟ੍ਰੇਡਮਾਰਕ ,ਪੇਟੈਂਟਸ ,ਉਦਯੋਗਿਕ ਡਿਜ਼ਾਈਨ ,ਡੋਮੇਨ ਨਾਮ ਅਤੇ ਹੋਰ ਅਪ੍ਰਤੱਖ ਜਾਇਦਾਦਾਂ ਸਮਾਨ ਸੁਰੱਖਿਆ ਦੇ ਅਧੀਨ ਹੋਣਗੀਆਂ।

## 4.3. ਸਾਡੇ ਹਿੱਸੇਦਾਰਾਂ ਵੱਲ

ਹਰ ਸੰਸਥਾ ਦਾ ਮਿਸ਼ਨ ਸਮਾਜ ਲਈ ਉਪਯੋਗੀ ਹੋਣਾ ਹੈ। ਇਸ ਨੂੰ ਪ੍ਰਾਪਤ ਕਰਨ ਲਈ ,ਇਹ ਬਹੁਤ ਮਹੱਤਵਪੂਰਨ ਹੈ ਕਿ ਤੀਜੀਆਂ ਧਿਰਾਂ ਨਾਲ ਸੰਬੰਧ ਪਾਰਦਰਸ਼ੀ ਅਤੇ ਪ੍ਰਤੀਬੱਧਤਾ ਅਤੇ ਵਫ਼ਾਦਾਰੀ ਦੇ ਅਧਾਰ ਤੇ ਹੋਣ।

ਇਸ ਟੀਚੇ ਦੀ ਪੂਰਤੀ ਨੂੰ ਯਕੀਨੀ ਬਣਾਉਣ ਲਈ Fluidra ,ਮੰਗ ਕਰਦੀ ਹੈ ਕਿ ਸੰਗਠਨ ਦੇ ਸਾਰੇ ਮੈਂਬਰ ਉਨ੍ਹਾਂ ਸਾਰੇ ਹਿੱਸੇਦਾਰਾਂ ਪ੍ਰਤੀ ਸਤਿਕਾਰਪੂਰਵਕ ਵਿਹਾਰ ਦਿਖਾਉਣ ਜੋ Fluidra ਦੇ ਪ੍ਰਭਾਵ ਦੇ ਖੇਤਰ ਵਿੱਚ ਕੰਮ ਕਰਦੇ ਹਨ।

- **ਸ਼ੇਅਰ ਧਾਰਕ** Fluidraਦੇ ਮਾਲਕ ਹਨ ਅਤੇ ਇਸੇ ਤਰ੍ਹਾਂ ,ਇਸ ਦੇ ਕਰਮਚਾਰੀਆਂ ਦਾ ਫਰਜ਼ ਬਣਦਾ ਹੈ ਕਿ ਉਹ ਉਨ੍ਹਾਂ ਪ੍ਰਤੀ ਵਫ਼ਾਦਾਰੀ ਅਤੇ ਇਮਾਨਦਾਰੀ ਨਾਲ ਪੇਸ਼ ਆਉਣ ,ਕਿਉਂਕਿ ਇਹ ਸਥਾਈ ਅਤੇ ਪੇਸ਼ੇਵਰ ਸੰਬੰਧ ਸਥਾਪਤ ਕਰਨ ਲਈ ਜ਼ਰੂਰੀ ਹੈ।
- **ਉਪਭੋਗਤਾ** Fluidra ਦੇ ਹੋਣ ਦਾ ਕਾਰਨ (raison d'être) ਹਨ ,ਇਸੇ ਕਰਕੇ ਇਹ ਆਪਣੇ ਗਾਹਕਾਂ ਨੂੰ ਪ੍ਰਦਾਨ ਕੀਤੇ ਜਾਣ ਵਾਲੇ ਉਤਪਾਦਾਂ ਅਤੇ ਸੇਵਾਵਾਂ ਵਿੱਚ ਉੱਤਮ ਗੁਣਵੱਤਾ ਅਤੇ ਉੱਤਮਤਾ ਦੀ ਪੇਸ਼ਕਸ਼ ਕਰਨ ਲਈ ਵਚਨਬੱਧ ਹੈ। Fluidra ਇਸ ਲਈ ਆਪਣੇ ਸਾਰੇ ਕਰਮਚਾਰੀਆਂ ਤੋਂ ਉਮੀਦ ਕਰਦੀ ਹੈ ਕਿ ਉਹ ਸਤਿਕਾਰ ਨਾਲ ਵਿਹਾਰ ਕਰਕੇ ਅਤੇ ਗਾਹਕਾਂ ਦੀ ਪਸੰਦ ਦੀ ਆਜ਼ਾਦੀ ਦੇ ਅਧਿਕਾਰ ਨੂੰ ਸਵੀਕਾਰਦਿਆਂ ਉਨ੍ਹਾਂ ਦੀਆਂ ਜ਼ਰੂਰਤਾਂ ਅਤੇ ਉਮੀਦਾਂ ਨੂੰ ਪੂਰੀਆਂ ਕਰਨ ਲਈ ਗਾਹਕਾਂ ਵੱਲ ਉਚਿਤ ਧਿਆਨ ਦੇਣ। Fluidra ਉਨ੍ਹਾਂ ਦੇਸ਼ਾਂ ਵਿੱਚ ਉਪਭੋਗਤਾਵਾਂ ਦੀ ਸੁਰੱਖਿਆ ਸੰਬੰਧੀ ਸਾਰੇ ਕਾਨੂੰਨੀ ਨਿਯਮਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਨ ਦਾ ਵਾਅਦਾ ਕਰਦੀ ਹੈ ਜਿਥੇ ਇਹ ਕੰਮ ਕਰਦੀ ਹੈ।
- **ਸਪਲਾਇਰ** Fluidra ਲਈ ਬਹੁਤ ਜ਼ਿਆਦਾ ਮਹੱਤਵਪੂਰਨ ਹਨ ,ਕਿਉਂਕਿ ਉਨ੍ਹਾਂ ਤੋਂ ਬਿਨਾਂ ਅਸੀਂ ਆਪਣੇ ਗਾਹਕਾਂ ਨੂੰ ਉੱਚ ਗੁਣਵੱਤਾ ਵਾਲੇ ਉਤਪਾਦਾਂ ਅਤੇ ਸੇਵਾਵਾਂ ਦੀ ਪੇਸ਼ਕਸ਼ ਕਰਨ ਦੇ ਯੋਗ ਨਹੀਂ ਹੋਵਾਂਗੇ। ਇਸ ਲਈ ,ਇੱਕ ਮਜ਼ਬੂਤ , ਸਥਾਈ ਸੰਬੰਧ ਬਣਾਉਣ ਲਈ ਅਤੇ ਨਾਲ ਦੀ ਨਾਲ ਲਾਗੂ ਕਾਨੂੰਨਾਂ ਦੀ ਪਾਲਣਾ ਕਰਨ ਲਈ Fluidra ,ਮੈਂਬਰਾਂ ਅਤੇ ਇਸ ਦੇ ਸਪਲਾਇਰਾਂ ਵਿਚਕਾਰ ਸੰਬੰਧ ਆਪਸੀ ਸਤਿਕਾਰ ਅਤੇ ਵਿਸ਼ਵਾਸ ਤੇ ਅਧਾਰਤ ਹੋਣੇ ਚਾਹੀਦੇ ਹਨ।

- **ਸਰਕਾਰੀ ਵਿਭਾਗ** ਕਾਰੋਬਾਰੀ ਭਾਈਚਾਰੇ ਦੇ ਅੰਦਰ ਇੱਕ ਜ਼ਰੂਰੀ ਭੂਮਿਕਾ ਅਦਾ ਕਰਦੇ ਹਨ। ਸਾਰੇ Fluidra ਮੈਂਬਰਾਂ ਦਾ ਫਰਜ਼ ਬਣਦਾ ਹੈ ਕਿ ਉਹ ਉਨ੍ਹਾਂ ਮਾਮਲਿਆਂ ਬਾਰੇ ਸਰਕਾਰੀ ਏਜੰਸੀਆਂ ਦੁਆਰਾ ਜਾਰੀ ਕਾਨੂੰਨੀ ਜ਼ਰੂਰਤਾਂ ਅਤੇ ਸਿਫਾਰਸ਼ਾਂ ਦੀ ਪਾਲਣਾ ਕਰਨ ,ਜੋ ਉਨ੍ਹਾਂ ਨੂੰ ਸਿੱਧੇ ਜਾਂ ਅਸਿੱਧੇ ਢੰਗ ਨਾਲ ਪ੍ਰਭਾਵਿਤ ਕਰਦੇ ਹਨ।
- ਸਾਡੇ **ਪ੍ਰਤੀਯੋਗੀ** ਮਾਰਕੀਟ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਕਿਉਂਕਿ ਉਹ ਸਾਡੇ ਗਾਹਕਾਂ ਨੂੰ ਮੁੱਲ ਪ੍ਰਦਾਨ ਕਰਨ ਲਈ ਲੋੜੀਂਦੇ ਨਿਰਪੱਖ ਮੁਕਾਬਲੇ ਦਾ ਅਧਾਰ ਬਣਦੇ ਹਨ। ਨਿਰਪੱਖ ਮੁਕਾਬਲਾ ਕੇਂਦਰੀ ਸਿਧਾਂਤ ਹੈ ਜਿਸ ਨੂੰ Fluidra ਦੀ ਮੁਕਾਬਲੇਬਾਜ਼ੀ ਨੂੰ ਨਿਯੰਤਰਿਤ ਕਰਨਾ ਚਾਹੀਦਾ ਹੈ ,ਜਿਸ ਦੇ ਲਈ ਇਸ ਨੂੰ ਲਾਜ਼ਮੀ ਮੁਕਾਬਲੇਬਾਜ਼ੀ ਦੇ ਉਨ੍ਹਾਂ ਸਾਰੇ ਕਾਨੂੰਨਾਂ ਅਤੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਜੋ ਉਹਨਾਂ ਦੇਸ਼ਾਂ ਵਿੱਚ ਮੌਜੂਦ ਹਨ ਜਿਨ੍ਹਾਂ ਵਿੱਚ ਇਹ ਕੰਮ ਕਰਦੀ ਹੈ।

Fluidraਪੇਸ਼ੇਵਰਾਂ ਨੂੰ ਲਾਜ਼ਮੀ ਤੌਰ ਤੇ ਮੁਕਾਬਲੇ ਦੀ ਰੱਖਿਆ ,ਅਣਉਚਿਤ ਮੁਕਾਬਲੇਬਾਜ਼ੀ ਅਤੇ ਮਾਰਕੀਟ ਦੇ ਨਿਯਮ ਅਤੇ ਖਪਤਕਾਰਾਂ ਦੀ ਸੁਰੱਖਿਆ ਲਈ ਲਾਗੂ ਸਾਰੇ ਕਾਨੂੰਨੀ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

## 4.4. ਵਾਤਾਵਰਣ ਵੱਲ

Fluidra ਵਾਤਾਵਰਣ ਦੀ ਸੰਭਾਲ ਅਤੇ ਕੁਦਰਤੀ ਪ੍ਰਣਾਲੀਆਂ ਦੇ ਸੰਤੁਲਨ ਦੇ ਸਤਿਕਾਰ ਪ੍ਰਤੀ ਵਚਨਬੱਧ ਹੈ। ਇਸ ਤਰ੍ਹਾਂ ਇਹ ਉਹਨਾਂ ਗਤੀਵਿਧੀਆਂ ਨੂੰ ਪ੍ਰੋਤਸਾਹਿਤ ਅਤੇ ਉਤਸ਼ਾਹਿਤ ਕਰਨ ਦਾ ਕੰਮ ਕਰਦੀ ਹੈ ਜੋ ਆਉਣ ਵਾਲੀਆਂ ਪੀੜ੍ਹੀਆਂ ਦੇ ਲਾਭ ਲਈ ਵਾਤਾਵਰਣ ਦਾ ਸਤਿਕਾਰ ਕਰਦੀਆਂ ਹਨ। ਇਸ ਪ੍ਰਕਾਰ Fluidra ,ਦੇ ਸਾਰੇ ਮੈਂਬਰਾਂ ਨੂੰ ਵਾਤਾਵਰਣ ਦੀ ਰੱਖਿਆ ਲਈ ਸਾਰੇ ਅਧਿਨਿਯਮਾਂ ਦੀ ਸਖਤੀ ਨਾਲ ਪਾਲਣਾ ਕਰਦਿਆਂ ਵਾਤਾਵਰਣ ਪ੍ਰਤੀ ਸਤਿਕਾਰ ਅਤੇ ਨਿਰੰਤਰਤਾ ਦੇ ਮਾਪਦੰਡਾਂ ਦੇ ਅਨੁਸਾਰ ਜਾਗਰੂਕ ਹੋਣਾ ਚਾਹੀਦਾ ਹੈ ,ਇਨ੍ਹਾਂ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਅਤੇ ਕੰਮ ਕਰਨਾ ਚਾਹੀਦਾ ਹੈ।

ਆਪਣੇ ਮਾਮਲਿਆਂ ਦੇ ਸੰਚਾਲਨ ਵਿਚ Fluidra ,ਵਾਤਾਵਰਣ ਪ੍ਰਤੀ ਸਤਿਕਾਰ ,ਜਿੰਨਾ ਸੰਭਵ ਹੋ ਸਕੇ ਘੱਟ ਕੁਦਰਤੀ ਸਰੋਤਾਂ ਦੀ ਤਰਕਸੰਗਤ ਖਪਤ ,ਨਿਰੰਤਰਤਾ ਅਤੇ ਇਸ ਦੇ ਵਾਤਾਵਰਣ ਸਬੰਧੀ ਪ੍ਰਭਾਵ ਨੂੰ ਘਟਾਉਣ ਨੂੰ ਧਿਆਨ ਵਿੱਚ ਰੱਖਦੀ ਹੈ।

- **ਸਾਫ ਤਕਨਾਲੋਜੀ ਦੀ ਵਰਤੋਂ**

Fluidra ਸਭ ਤੋਂ ਵੱਧ ਵਾਤਾਵਰਣ ਅਨੁਕੂਲ ਤਕਨਾਲੋਜੀਆਂ ਨੂੰ ਉਤਸ਼ਾਹਿਤ ਕਰਨ ਅਤੇ ਇਨ੍ਹਾਂ ਦੀ ਵਰਤੋਂ ਕਰਨ ਲਈ ਵਚਨਬੱਧ ਹੈ ,ਇਹ ਉਤਪਾਦਨ ਦੀਆਂ ਜ਼ਰੂਰਤਾਂ ,ਅਤੇ ਮਾਰਕੀਟ ਵਿੱਚ ਉਨ੍ਹਾਂ ਦੀ ਉਪਲਬਧਤਾ ,ਵਿਵਹਾਰਕਤਾ ਅਤੇ ਲਾਗਤ ਦੇ ਅਧੀਨ ਹੈ।

- **ਸਰੋਤਾਂ ਦੀ ਟਿਕਾਊ ਵਰਤੋਂ ਅਤੇ ਪ੍ਰਬੰਧ**

Fluidra ਕੱਚੇ ਮਾਲ ਅਤੇ ਊਰਜਾ ਦੀ ਕੁਸ਼ਲ ਵਰਤੋਂ ਕਰਨ ਅਤੇ ਨਿਕਾਸ ,ਰਿਸਣ ਵਾਲੀਆਂ ਚੀਜ਼ਾਂ ਅਤੇ ਰਹਿੰਦ-ਖੂੰਹਦ ਦੇ ਸਹੀ ਪ੍ਰਬੰਧ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ।

ਪਾਣੀ Fluidra ਦੀ ਹੋਂਦ ਦਾ ਕਾਰਨ ਹੈ। ਇਸ ਸਰੋਤ ਦੇ ਬਗੈਰ ,ਅਸੀਂ ਇੱਕ ਕਾਰੋਬਾਰ ਦੇ ਰੂਪ ਵਿੱਚ ਮੌਜੂਦ ਨਹੀਂ ਹੋਵਾਂਗੇ , ਅਤੇ ,ਇਸ ਲਈ ,ਸਾਰੇ Fluidra ਮੈਂਬਰਾਂ ਦਾ ਫਰਜ਼ ਬਣਦਾ ਹੈ ਕਿ ਉਹ ਇੱਕ ਜ਼ਿੰਮੇਵਾਰ ਅਤੇ ਟਿਕਾਊ ਤਰੀਕੇ ਨਾਲ ਪਾਣੀ ਦੀ ਵਰਤੋਂ ਕਰਨ ਅਤੇ ਪਾਣੀ ਦੇ ਪ੍ਰਬੰਧ ਲਈ ਸਭ ਤੋਂ ਪ੍ਰਭਾਵਸ਼ਾਲੀ ਪ੍ਰਕਿਰਿਆਵਾਂ ਅਤੇ ਤਕਨਾਲੋਜੀ ਨੂੰ ਉਤਸ਼ਾਹਿਤ ਕਰਨ ਦਾ ਵਾਅਦਾ ਕਰਨ।

FLUIDRA

ਗੁਪਤ ਚੈਨਲ ਤੇ ਵਿਸਲਬਲੋਇੰਗ) ਮੁਖਬਿਰੀ ਵਾਲਾ (ਚੈਨਲ ਹੇਠ ਦਿੱਤੇ ਅਨੁਸਾਰ ਹਨ:

| ਵਿਸਲਬਲੋਇੰਗ) ਮੁਖਬਿਰੀ ਵਾਲਾ (ਚੈਨਲ | ਸੰਪਰਕ ਦੇ ਸਾਧਨ |
|---|---|
| **Fluidra ਕਾਰਪੋਰੇਟ ਵੈਬਸਾਈਟ** https://www.fluidra.com/about-fluidra/ethics | ardiulF" ਨੈਤਿਕਤਾ ਕੋਡ "ਫਾਰਮ ਤੇ ਸਿੱਧੀ ਪਹੁੰਚ |
| **MyFluidra ਕਾਰਪੋਰੇਟ ਇੰਟਰਾਨੈਟ** | ਫਾਰਮ ਤੇ ਸਿੱਧੀ ਪਹੁੰਚ |
| **ਈਮੇਲ** | ethics@fluidra.com |

ਗੁਪਤ ਚੈਨਲ ਦੋ-ਪੱਖੀ ਸੰਚਾਰ ਦਾ ਇੱਕ ਸਾਧਨ ਹੈ ,ਜਿਸ ਦਾ ਉਦੇਸ਼ ਅਜਿਹੇ ਮਾਮਲਿਆਂ ਬਾਰੇ ਕੀਤੀਆਂ ਸ਼ਿਕਾਇਤਾਂ ਦੇ ਨਾਲ-ਨਾਲ Fluidra ਵਿੱਚ ਸੁਧਾਰ ਕਰਨ ਦੇ ਕਿਸੇ ਵੀ ਤਰ੍ਹਾਂ ਦੇ ਪ੍ਰਸਤਾਵਾਂ ਨਾਲ ਨਜਿੱਠਣਾ ਹੈ।
ਗੁਪਤ ਚੈਨਲ ਦੁਆਰਾ ਕੀਤੇ ਗਏ ਸਾਰੇ ਖੁਲਾਸੇ ਸਾਰੇ Fluidra ਮੈਂਬਰਾਂ ਲਈ ਉਪਲਬਧ ਆਨਲਾਈਨ ਫਾਰਮ ਤੇ ਜਾਂ ਇਸ ਉਦੇਸ਼ ਲਈ ਸਥਾਪਤ ਪਤੇ ਤੇ ਈਮੇਲ ਭੇਜ ਕੇ ਕੀਤੇ ਜਾਣੇ ਚਾਹੀਦੇ ਹਨ। ਕੁਝ ਮਾਮਲਿਆਂ ਵਿੱਚ ,ਖੁਲਾਸੇ ਗੁਮਨਾਮ ਤੌਰ ਤੇ ਕੀਤੇ ਜਾ ਸਕਦੇ ਹਨ ਜੇ ਸਮਰਥਤ ਦਸਤਾਵੇਜ਼ ਉਪਲਬਧ ਹਨ ਅਤੇ ਉਹ ਗੰਭੀਰ ਜੁਰਮਾਂ ਨਾਲ ਸਬੰਧਿਤ ਹਨ।
ਗੁਪਤ ਚੈਨਲ ਦੀ ਵਰਤੋਂ ਕਰਦਿਆਂ ਕੀਤੇ ਗਏ ਕਿਸੇ ਵੀ ਖੁਲਾਸੇ ਦੀ ਰੱਖਿਆ ਉਨ੍ਹਾਂ ਦੇ ਦੁਆਰਾ ਗੁਪਤਤਾ ਦੀ ਜ਼ਿੰਮੇਵਾਰੀ ਨਾਲ ਕੀਤੀ ਜਾਏਗੀ ,ਜੋ ਇਸ ਨੂੰ ਸੰਭਾਲਦੇ ਹਨ ,ਨਿੱਜੀ ਡੇਟਾ ਸੁਰੱਖਿਆ ਨਿਯਮਾਂ ਦੇ ਅਨੁਸਾਰ ਵੱਧ ਤੋਂ ਵੱਧ ਗੁਪਤਤਾ ਇਸ ਪ੍ਰਕਿਰਿਆ ਦੀਆਂ ਸੁਰੱਖਿਆਵਾਂ ਵਿਚੋਂ ਇੱਕ ਹੈ।
Fluidraਕਿਸੇ ਵੀ ਵਿਅਕਤੀ ਜੋ ਚੰਗੇ ਵਿਸ਼ਵਾਸ ਨਾਲ ਇੱਕ ਸੰਭਾਵਿਤ ਉਲੰਘਣਾ ਨੂੰ ਸੂਚਿਤ ਕਰਦਾ ਹੈ ,ਦੇ ਵਿਰੁੱਧ ਕੋਈ ਜਵਾਬੀ ਕਾਰਵਾਈ ਬਰਦਾਸ਼ਤ ਨਹੀਂ ਕਰੇਗਾ। ਚੰਗੀ ਇਮਾਨਦਾਰੀ ਨਾਲ ਕੀਤੇ ਕਿਸੇ ਵੀ ਖੁਲਾਸੇ ਵਿੱਚ ਸਹੀ ਅਤੇ ਇਮਾਨਦਾਰ ਜਾਣਕਾਰੀ ਦੀ ਵਿਵਸਥਾ ਹੁੰਦੀ ਹੈ। ਬਦਨੀਤੀ ਨਾਲ ਕੀਤੇ ਕਿਸੇ ਵੀ ਖੁਲਾਸੇ ਕਾਰਨ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ।
ਨੈਤਿਕਤਾ ਕਮੇਟੀ ਗੁਪਤ ਚੈਨਲ ਦੇ ਪ੍ਰਬੰਧਨ ਲਈ ਅਤੇ ਇਸ ਦੇ ਰਾਹੀਂ ਜਮ੍ਹਾਂ ਕੀਤੀ ਗਈ ਕਿਸੇ ਵੀ ਰਿਪੋਰਟ ਨਾਲ ਨਜਿੱਠਣ ਲਈ ਜ਼ਿੰਮੇਵਾਰ ਹੋਵੇਗੀ। ਕਿਸੇ ਵੀ ਸਥਿਤੀ ਵਿੱਚ ,ਨੈਤਿਕਤਾ ਕਮੇਟੀ ਗੁਪਤ ਚੈਨਲ ਦੇ ਪ੍ਰਬੰਧਨ ਨੂੰ ਕਿਸੇ ਵਿਸ਼ੇਸ਼ ਕੰਪਨੀ ਜਾਂ ਫਰਮ ਕੋਲ ਆਉਟਸੋਰਸ ਕਰ ਸਕਦੀ ਹੈ।
ਨੈਤਿਕਤਾ ਕਮੇਟੀ ਕਾਨੂੰਨੀ ,ਅੰਦਰੂਨੀ ਆਡਿਟ ਅਤੇ ਮਨੁੱਖੀ ਸਰੋਤ ਵਿਭਾਗਾਂ ਦੇ ਮੁਖੀਆਂ ਨਾਲ ਬਣੀ ਹੈ ,ਇਹ ਸ਼ਿਕਾਇਤਾਂ ਤੇ ਕਾਰਵਾਈ ਕਰਨ ਅਤੇ ਹੱਲ ਕਰਨ ਅਤੇ ਨੈਤਿਕਤਾ ਕੋਡ ਦਾ ਪ੍ਰਚਾਰ ਕਰਨ ਵਾਲੀ ਇੱਕ ਸੰਸਥਾ ਹੈ।
ਇਹ ਕਮੇਟੀ ਆਡਿਟ ਕਮੇਟੀ ਦੁਆਰਾ ਪੇਸ਼ ਕੀਤੇ ਗਏ ਪ੍ਰਸ਼ਨਾਂ ਅਤੇ ਸ਼ਿਕਾਇਤਾਂ ਬਾਰੇ Fluidra ਦੇ ਨਿਰਦੇਸ਼ਕ ਮੰਡਲ ਨੂੰ ਬਾਕਾਇਦਾ ਰਿਪੋਰਟਾਂ ਸੌਂਪੇਗੀ।

- **ਕੁਦਰਤੀ ਪ੍ਰਣਾਲੀਆਂ ਦੇ ਸੰਤੁਲਨ ਲਈ ਸਤਿਕਾਰ**

ਕਰਮਚਾਰੀਆਂ ਨੂੰ ਕਾਨੂੰਨ ਦੇ ਢਾਂਚੇ ਤੋਂ ਬਾਹਰ ,ਸਿੱਧੇ ਜਾਂ ਅਸਿੱਧੇ ਤੌਰ ਤੇ ਨਿਕਾਸ ਜਾਂ ਕੂੜੇ ਕਰਕਟ ਪੈਦਾ ਕਰਨ ,ਜਾਂ ਉਨ੍ਹਾਂ ਨਿਸ਼ਕਰਣਾਂ ਵਾਲੇ ਕੰਮਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਜੋ ਵਾਤਾਵਰਣ ,ਧਰਤੀ ,ਧਰਤੀ ਹੇਠ ਮਿੱਟੀ ,ਪਾਣੀ ,ਧਰਤੀ ਹੇਠਲੇ ਪਾਣੀ ਜਾਂ ਸਮੁੰਦਰ ਨੂੰ ਨੁਕਸਾਨ ਪਹੁੰਚਾ ਸਕਦੇ ਹਨ ,ਅਤੇ ਉਨ੍ਹਾਂ ਨੂੰ ਕਿਸੇ ਵੀ ਹਾਲਾਤ ਵਿੱਚ ਅਜਿਹੀਆਂ ਗਤੀਵਿਧੀਆਂ ਨੂੰ ਪੂਰਾ ਕਰਨ ਲਈ ਲੋੜੀਂਦੇ ਲਾਇਸੈਂਸ ਰੱਖਣੇ ਚਾਹੀਦੇ ਹਨ।
ਉਪਰੋਕਤ ਕਿਸੇ ਵੀ ਪਤਾ ਲੱਗੀ ਉਲੰਘਣਾ ਨੂੰ ਇਸ ਮਕਸਦ ਲਈ ਸਥਾਪਤ ਚੈਨਲਾਂ ਰਾਹੀਂ ਨੈਤਿਕਤਾ ਕਮੇਟੀ ਨੂੰ ਤੁਰੰਤ

ਸੂਚਿਤ ਕੀਤਾ ਜਾਣਾ ਚਾਹੀਦਾ ਹੈ।

### 4.5. ਕਾਨੂੰਨੀ ਅਨੁਪਾਲਣ ਲਈ

Fluidraਉਨ੍ਹਾਂ ਕਾਨੂੰਨਾਂ ,ਨਿਯਮਾਂ ,ਅਧਿਨਿਯਮਾਂ ,ਨੀਤੀਆਂ ਅਤੇ ਮਾਪਦੰਡਾਂ ਦੀ ਮਹੱਤਤਾ ਨੂੰ ਪਛਾਣਦੀ ਹੈ ਜਿਸ ਦੇ ਅਧੀਨ ਇਹ) ਜਾਂ ਤਾਂ ਅੰਦਰੂਨੀ ਜਾਂ ਬਾਹਰੀ (ਹੈ ਅਤੇ ਇਹ ਉਨ੍ਹਾਂ ਦੀ ਪਾਲਣਾ ਕਰਦੀ ਹੈ। Fluidra ਮੈਂਬਰ ਸਾਰੇ ਕਾਨੂੰਨਾਂ ਅਤੇ ਨਿਯਮਾਂ ਦੀ ਪਾਲਣਾ ਕਰਨ ਲਈ ਵਚਨਬੱਧ ਹਨ) ਖਾਸ ਕਰਕੇ ਜਿਹੜੇ ਮਜ਼ਦੂਰਾਂ ਸਬੰਧੀ ,ਵਾਤਾਵਰਣਕ ਅਤੇ ਆਰਥਿਕ ਅਤੇ ਵਿੱਤੀ ਮਾਮਲਿਆਂ ਤੇ ਅਸਰ ਪਾਉਂਦੇ ਹਨ ,(ਉਨ੍ਹਾਂ ਦੇ ਲਾਗੂ ਕਰਨ ਨੂੰ ਉਤਸ਼ਾਹਤ ਕਰਦੇ ਹਨ ਅਤੇ ਲਾਗੂ ਹੋਣ ਵਾਲੇ ਸਾਰੇ ਅੰਤਮ ਅਦਾਲਤੀ ਜਾਂ ਪ੍ਰਬੰਧਕੀ ਨਿਯਮਾਂ ਦੀ ਪਾਲਣਾ ਕਰਦੇ ਹਨ।

Fluidraਮੈਂਬਰ ਵਾਤਾਵਰਣਕ ,ਸਮਾਜਕ ,ਸਭਿਆਚਾਰਕ ਜਾਂ ਕਿਰਤ-ਸਬੰਧਿਤ ਮਾਮਲਿਆਂ ਬਾਰੇ ਵਧੇਰੇ ਨਰਮ ਕਾਨੂੰਨਾਂ ਦਾ ਲਾਭ ਲੈਣ ਦੇ ਇਕੋ ਮਕਸਦ ਲਈ ਤੀਜੇ ਦੇਸ਼ਾਂ ਵਿੱਚ ਉਦਯੋਗਿਕ ਯੋਜਨਾਵਾਂ ਸਥਾਪਤ ਨਹੀਂ ਕਰਨਗੇ ਜਾਂ ਕਾਰੋਬਾਰ ਨਹੀਂ ਕਰਨਗੇ।

## 5. ਨੈਤਿਕਤਾ ਕਮੇਟੀ ਅਤੇ ਗੁਪਤ ਚੈਨਲ

ਸਾਰੇ Fluidra ਮੈਂਬਰਾਂ ਦਾ ਫਰਜ਼ ਬਣਦਾ ਹੈ ਕਿ ਉਹ ਕਿਸੇ ਵੀ ਸਥਿਤੀ ਜਾਂ ਕੰਮ ਜਾਂ ਸ਼ੰਕਾ ਬਾਰੇ ਸੰਗਠਨ ਨੂੰ ਸੂਚਿਤ ਕਰਨ ਜਿਸ ਵਿੱਚ ਨੈਤਿਕਤਾ ਦੇ ਨਿਯਮਾਂ ,ਲਾਗੂ ਕਾਨੂੰਨਾਂ ਜਾਂ ਅਧਿਨਿਯਮਾਂ ਦੀ ਉਲੰਘਣਾ ,ਅਤੇ ਕਿਸੇ ਵੀ ਤਰ੍ਹਾਂ ਦੀਆਂ ਸੰਭਾਵਿਤ ਮਹੱਤਵਪੂਰਨ ਬੇਨਿਯਮੀਆਂ ,ਜਿਨ੍ਹਾਂ ਵਿੱਚ Fluidra ਵਿੱਚ ਲੱਭੀਆਂ ਗਈਆਂ ਕੋਈ ਵਿੱਤੀ ਜਾਂ ਲੇਖਾਕਾਰੀ ਬੇਨਿਯਮੀਆਂ ਸ਼ਾਮਲ ਹਨ।

"ਪੁੱਛ-ਗਿੱਛ "ਦਾ ਅਰਥ ਹੇਠ ਲਿਖਿਆਂ ਦੇ ਸਬੰਧ ਵਿੱਚ ਕਿਸੇ ਪ੍ਰਸ਼ਨ ਨੂੰ ਸਮਝਿਆ ਜਾਂਦਾ ਹੈ (i) :ਇਸ ਦੇ ਕਿਸੇ ਵੀ ਭਾਗ ਵਿੱਚ ਨੈਤਿਕਤਾ ਕੋਡ ਦੀ ਵਿਆਖਿਆ ਅਤੇ ਵਰਤੋਂ ii) Fluidra) ;ਦੇ ਸਿਧਾਂਤਾਂ ਦੀ ਵਿਆਖਿਆ ਅਤੇ ਵਰਤੋਂ ;ਅਤੇ (iii) ਇਸ ਵਿਧੀ ਦੁਆਰਾ ਪ੍ਰਭਾਵਿਤ ਵਿਅਕਤੀ ਦੁਆਰਾ ਕੀਤੀ ਗਈ ਕੋਈ ਵੀ ਕਾਰਵਾਈ ਜੋ ਨੈਤਿਕਤਾ ਕੋਡ ਦੀ ਵਰਤੋਂ ਜਾਂ ਵਿਆਖਿਆ ਬਾਰੇ ਸ਼ੰਕਾ ਪੈਦਾ ਕਰਦੀ ਹੈ ਜਾਂ ਇਸ ਦੇ ਹੱਲ ਲਈ ਨੈਤਿਕ ਦੁਚਿੱਤੀ ਪੈਦਾ ਕਰਦੀ ਹੈ।

ਇਸੇ ਤਰ੍ਹਾਂ" ,ਸ਼ਿਕਾਇਤ "ਦਾ ਅਰਥ ਕਿਸੇ ਵੀ ਤੱਥ ਜਾਂ ਕਾਰਵਾਈ ਤੋਂ ਸਮਝਿਆ ਜਾਂਦਾ ਹੈ ਜੋ ਕਥਿਤ ਤੌਰ ਤੇ ਉਪਰੋਕਤ ਕੋਡ ਅਤੇ ਸਾਰੇ ਅੰਦਰੂਨੀ ਜਾਂ ਬਾਹਰੀ ਨਿਯਮਾਂ ਦੇ ਉਲਟ ਹੈ ਜਿਸ ਦਾ ਇਹ ਹਵਾਲਾ ਦਿੰਦੀ ਹੈ ,ਅਤੇ ਪੇਸ਼ੇਵਰ ਨੈਤਿਕਤਾ ਦੁਆਰਾ ਲਗਾਏ ਗਏ ਕਿਸੇ ਹੋਰ ਨਿਯਮ ਜਿਸ ਅਨੁਸਾਰ Fluidra ਨੂੰ ਆਪਣੇ ਕੰਮਕਾਜ ਨੂੰ ਕਰਨਾ ਚਾਹੀਦਾ ਹੈ ,ਦੇ ਉਲਟ ਹੈ।

ਜੇ ਤੁਹਾਨੂੰ ਸਹਾਇਤਾ ਦੀ ਲੋੜ ਹੈ ਜਾਂ ਕਿਸੇ ਵੀ ਪ੍ਰਸ਼ਨ ਜਾਂ ਸ਼ਿਕਾਇਤ ਨੂੰ ਅੱਗੇ ਭੇਜਣਾ ਚਾਹੁੰਦੇ ਹੋ:

- ਤੁਸੀਂ ਇਸ ਬਾਰੇ ਆਪਣੇ ਉੱਚ ਅਧਿਕਾਰੀ ਨਾਲ ਇਸ ਤੇ ਵਿਚਾਰ ਕਰ ਸਕਦੇ ਹੋ। ਬਹੁਤ ਸਾਰੇ ਮਾਮਲਿਆਂ ਵਿੱਚ , ਉਹ ਸ਼ਾਇਦ ਇਸ ਮਸਲੇ ਬਾਰੇ ਵਧੇਰੇ ਜਾਣਕਾਰੀ ਰੱਖਦੇ ਹੋਣ ,ਅਤੇ ਤੁਹਾਨੂੰ ਇਹ ਦੱਸ ਸਕਣ ਦੇ ਯੋਗ ਹੋਣ ਕਿ ਅੱਗੇ ਕਿਵੇਂ ਵਧਣਾ ਹੈ।
- ਜੇ ਤੁਹਾਡੇ ਉੱਚ ਅਧਿਕਾਰੀ ਨਾਲ ਇਸ ਬਾਰੇ ਵਿਚਾਰ-ਵਟਾਂਦਰਾ ਕਰਨਾ ਸੰਭਵ ਨਹੀਂ ਹੈ ,ਤਾਂ ਤੁਸੀਂ ਇਸ ਨੂੰ ਸਿੱਧੇ ਤੌਰ ਤੇ ਨੈਤਿਕਤਾ ਕਮੇਟੀ ਨਾਲ ਵਿਚਾਰ ਕਰ ਸਕਦੇ ਹੋ ,ਜਾਂ
- Fluidraਦੇ ਗੁਪਤ ਚੈਨਲ ਦੀ ਵਰਤੋਂ ਕਰੋ।

### ਨਿਰਦੇਸ਼ਨ ਦੇ ਸਿਧਾਂਤ

ਨੈਤਿਕਤਾ ਕਮੇਟੀ ਨੂੰ ਚਲਾਉਣ ਵਾਲੇ ਸਿਧਾਂਤ ਹੇਠਾਂ ਦਿੱਤੇ ਗਏ ਹਨ:

- ਸ਼ਿਕਾਇਤਾਂ ਨਾਲ ਪੂਰੀ ਗੁਪਤਤਾ ਨਾਲ ਨਜਿੱਠਣਾ ਅਤੇ ਨੇਕ ਨੀਅਤ ਵਾਲੀਆਂ ਸੂਚਨਾ ਦੇਣ ਦੀਆਂ ਸਾਰੀਆਂ ਕਾਰਵਾਈਆਂ ਲਈ ਬਦਲੇ ਦੀ ਕਾਰਵਾਈ ਅਣਹੋਂਦ ਨੂੰ ਯਕੀਨੀ ਬਣਾਉਣਾ।
- ਕਿਸੇ ਵੀ ਕਥਿਤ ਉਲੰਘਣਾ ਦਾ ਪੂਰਾ ਵਿਸ਼ਲੇਸ਼ਣ ਕਰਨਾ ਤਾਂ ਕਿ ਰਿਪੋਰਟ ਕੀਤੇ ਤੱਥਾਂ ਦੀ ਸ਼ੁੱਧਤਾ ਦੀ ਪੁਸ਼ਟੀ ਕੀਤੀ ਜਾ ਸਕੇ।
- ਬੇਗੁਨਾਹੀ ਦੀ ਧਾਰਨਾ ਅਤੇ ਕਥਿਤ ਤੌਰ ਤੇ ਸ਼ਾਮਲ ਲੋਕਾਂ ਦੇ ਅਧਿਕਾਰਾਂ ਦਾ ਸਨਮਾਨ ਕਰਨਾ।
- ਫੈਸਲੇ ਲੈਣ ਵਿੱਚ ਸਖਤ ਰੁਖ ਅਪਣਾਉਣਾ ,ਇਸ ਦੀ ਸਥਾਪਨਾ ਤੱਥਾਂ ਤੇ ਅਤੇ ਨਿਆਂਪੂਰਨ ਹੋਣੀ ਚਾਹੀਦੀ ਹੈ।

## 6. ਜੁਰਮਾਨੇ ,ਮਨਜ਼ੂਰੀ ਪ੍ਰਕਿਰਿਆਵਾਂ ਅਤੇ ਜ਼ਿੰਮੇਵਾਰੀਆਂ

ਕਾਨੂੰਨ ,ਨੈਤਿਕਤਾ ਕੋਡ ਜਾਂ ਉਨ੍ਹਾਂ ਅਧਿਨਿਯਮਾਂ ਦੀ ਉਲੰਘਣਾ ਜਿਸ ਦੇ ਅਧੀਨ ਇਹ ਇੱਕ ਅਪਰਾਧ ਹੁੰਦਾ ਹੈ ਜਿਸ ਅਪਰਾਧ ਦੀ ਗੰਭੀਰਤਾ ਅਤੇ ਜੁਰਮਾਨੇ ਦਾ ਫੈਸਲਾ ਲਾਗੂ ਹੋਣ ਵਾਲੇ ਅਧਿਨਿਯਮਾਂ ਦੇ ਅਨੁਸਾਰ ਕੀਤਾ ਜਾਵੇਗਾ।

ਲਾਗੂ ਕਰਨ ਦੀ ਮਨਜ਼ੂਰੀ ਪ੍ਰਕਿਰਿਆ ਵੀ Fluidra ਦੇ ਅੰਦਰੂਨੀ ਨਿਯਮਾਂ ,ਜਾਂ ਲਾਗੂ ਨਿਯਮਾਂ ਦੇ ਅਧੀਨ ਹੋਵੇਗੀ ,ਜਿਸਦੇ ਅਸਫਲ ਰਹਿਣ ਤੇ ,ਪ੍ਰਕਿਰਿਆ ਦੀ ਆਮ ਤੌਰ ਤੇ ਮਨੁੱਖੀ ਸਰੋਤ ਵਿਭਾਗ ਦੁਆਰਾ ਜਾਂਚ ਕੀਤੀ ਜਾਂਦੀ ਹੈ। ਅਜਿਹੀਆਂ ਸਾਰੀਆਂ ਪ੍ਰਕਿਰਿਆਵਾਂ ਕਿਸੇ ਰਿਪੋਰਟ ਜਾਂ ਕਿਸੇ ਜਾਂਚ ਦੇ ਨਤੀਜੇ ਦੇ ਖੁਲਾਸੇ ਤੇ ਜਾਂ ਹੋਰ ਕਿਸੇ ਵੀ ਤਰੀਕੇ ਤੇ ਅਧਾਰਤ ਹੋਣਗੀਆਂ ਜਿਸ ਦੀ ਵਰਤੋਂ ਨੈਤਿਕ ਕਮੇਟੀ ਇਸ ਤਰ੍ਹਾਂ ਦੇ ਅਪਰਾਧਾਂ ਨੂੰ ਪ੍ਰਕਾਸ਼ ਵਿੱਚ ਲਿਆਉਣ ਲਈ ਕਰ ਸਕਦੀ ਹੈ।

## 7. ਅਪਡੇਟ ਅਤੇ ਸੁਧਾਰ

ਇਸ ਨੈਤਿਕਤਾ ਕੋਡ ਨੂੰ ਸਮੇਂ-ਸਮੇਂ ਤੇ ਅਪਡੇਟ ਕੀਤਾ ਜਾਏਗਾ ਤਾਂ ਜੋ Fluidra ਵਿੱਚ ਲਾਗੂ ਕੀਤੇ ਜਾਣ ਵਾਲੇ ਆਚਾਰ ਦੇ ਆਦਰਸ਼ ਨੂੰ ਪਰਿਭਾਸ਼ਤ ਕਰਨ ਲਈ ਵਿਚਾਰੇ ਗਏ ਸੁਧਾਰਾਂ ਨੂੰ ਸ਼ਾਮਲ ਕੀਤਾ ਜਾ ਸਕੇ।

ਆਡਿਟ ਕਮੇਟੀ ,ਨੈਤਿਕਤਾ ਕਮੇਟੀ ਦੇ ਸਮਰਥਨ ਨਾਲ ,ਲਾਗੂ ਕੀਤੇ ਜਾ ਰਹੇ ਨੈਤਿਕਤਾ ਕੋਡ ਦੀ ਨਿਰੰਤਰ ਨਿਗਰਾਨੀ ਕਰੇਗੀ ,ਅਤੇ ਹੇਠ ਲਿਖੀਆਂ ਸਥਿਤੀਆਂ ਵਿੱਚ ਢੁੱਕਵੀਆਂ ਤਬਦੀਲੀਆਂ ਦਾ ਪ੍ਰਸਤਾਵ ਦੇਵੇਗੀ:

a. ਜਦੋਂ ਨੈਤਿਕਤਾ ਕੋਡ ਜਾਂ ਇਸ ਉੱਤੇ ਅਧਾਰਿਤ ਅਧਿਨਿਯਮਾਂ ਦੇ ਮੁਖ ਭਾਗ ਦੀਆਂ ਮੁਖ ਉਲੰਘਣਾਵਾਂ ਪੈਦਾ ਹੁੰਦੀਆਂ ਹਨ।
b. ਜਦੋਂ Fluidra ਵਿੱਚ ਕਾਫ਼ੀ ਤਬਦੀਲੀਆਂ ਹੁੰਦੀਆਂ ਹਨ।
c. ਜਦੋਂ Fluidra ਦੇ ਨਿਯੰਤਰਣ ਢਾਂਚੇ ਵਿੱਚ ਤਬਦੀਲੀ ਆਉਂਦੀ ਹੈ।

ਜੇ ਕਿਸੇ ਜੋਖਮ ਦੀ ਪੜਤਾਲ ਕਰਨਾ ਸੁਧਾਰ ਲਈ ਕਿਸੇ ਖੇਤਰ ਦੀ ਪਛਾਣ ਕਰਨਾ ਸੰਭਵ ਬਣਾ ਦਿੰਦਾ ਹੈ ,ਤਾਂ ਨੈਤਿਕਤਾ ਕਮੇਟੀ ਸੁਧਾਰ ਲਈ ਉਸ ਅਨੁਸਾਰ ਪ੍ਰਸਤਾਵ ਜਾਰੀ ਕਰੇਗੀ ,ਜਿਸ ਨੂੰ ਸਬੰਧਿਤ ਵਿਭਾਗ ਨੂੰ ਭੇਜਿਆ ਜਾਵੇਗਾ ,ਜਿਥੇ ਇੱਕ ਜ਼ਿੰਮੇਵਾਰ ਵਿਅਕਤੀ ਨਿਯੁਕਤ ਕੀਤਾ ਜਾਵੇਗਾ ਅਤੇ ਇਸ ਨੂੰ ਲਾਗੂ ਕਰਨ ਦੀ ਨਿਗਰਾਨੀ ਲਈ ਇੱਕ ਸਮਾਂ-ਸੀਮਾ ਨਿਰਧਾਰਤ ਕੀਤੀ ਜਾਵੇਗੀ।